

# ਮਹਿਕ-ਏ-ਵਤਨ

# MehakEwattan

Fortnightly Newspaper



Hardev Brar
Chief Editor

• Vol-III • Issue- 05 • Phone : +64,274-427-338 +64 9 3900004 • www.mehakewattan.com • May 2025

03

ਦੂਜੇ ਗਿੱਧਾ ਕੱਪ ਬ੍ਰਿਸਬੇਨ ਲਈ ਪੰਜਾਬੀ ਫੋਕ ਡਾਂਸ ਐਸੋਸੀਏਸ਼ਨ ਕਮੇਟੀ ਦੀ ਚੋਣ

07

ਭਾਰਤੀ ਮੂਲ ਦੀ ਅਨੀਤਾ ਆਨੰਦ ਬਣੀ ਕੈਨੇਡਾ ਦੀ ਨਵੀਂ ਵਿਦੇਸ਼ ਮੰਤਰੀ

12

ਮਸ਼ਹੂਰ ਰੈਪਰ ਟੋਰੀ ਲੇਨਜ਼ 'ਤੇ ਚਾਕੂ ਨਾਲ ਕੀਤਾ ਗਿਆ ਜਾਨਲੇਵਾ ਹਮਲਾ

15

'ਗੋਲਡਨ ਬੁਆਏ' ਨੀਰਜ ਚੋਪੜਾ ਨੂੰ ਭਾਰਤੀ ਫੌਜ ਵੱਲੋਂ ਮਿਲਿਆ ਵੱਡਾ ਸਨਮਾਨ

## ਸਕੂਲਾਂ ਵਿੱਚ ਸੁਧਾਰ ਨੂੰ ਲੈ ਕੇ ਨਿਊਜ਼ੀਲੈਂਡ ਸਰਕਾਰ ਲਵੇਗੀ ਵੱਡਾ ਫੈਸਲਾ



ਨਿਊਜ਼ੀਲੈਂਡ - ਸਰਕਾਰ ਨੇ ਇਸ ਸਾਲ ਦੇ ਬਜਟ ਦੇ ਹਿੱਸੇ ਵਜੋਂ ਸਕੂਲ ਹਾਜ਼ਰੀ ਨੂੰ ਬਿਹਤਰ ਬਣਾਉਣ ਲਈ 140 ਮਿਲੀਅਨ ਡਾਲਰ ਖਰਚਣ ਦਾ ਵਾਅਦਾ ਕੀਤਾ ਹੈ। ਐਸੋਸੀਏਟ ਸਿੱਖਿਆ ਮੰਤਰੀ ਡੇਵਿਡ ਸੀਮੌਰ ਨੇ ਬੁੱਧਵਾਰ ਸਵੇਰੇ ਪੈਕੇਜ ਦਾ ਐਲਾਨ ਕੀਤਾ ਅਤੇ ਕਿਹਾ ਕਿ ਇਸਦਾ ਉਦੇਸ਼ ਅਗਲੇ ਚਾਰ ਸਾਲਾਂ ਵਿੱਚ ਹਾਜ਼ਰੀ ਨੂੰ ਬਿਹਤਰ ਬਣਾਉਣਾ ਹੈ। ਸੀਮੌਰ ਨੇ ਕਿਹਾ ਕਿ ਲਗਭਗ 123 ਮਿਲੀਅਨ ਡਾਲਰ ਇੱਕ ਨਵੀਂ ਹਾਜ਼ਰੀ ਸੇਵਾ ਪ੍ਰਦਾਨ ਕਰਨ ਖਰਚੇ ਲਈ ਜਾਣਗੇ। ਬਾਕੀ 17 ਮਿਲੀਅਨ ਡਾਲਰ ਫਰੰਟਲਾਈਨ ਹਾਜ਼ਰੀ ਸੇਵਾਵਾਂ ਨੂੰ "ਸਮਰਥਨ ਅਤੇ ਮਜ਼ਬੂਤ" ਕਰਨ ਲਈ ਵਰਤੇ ਜਾਣਗੇ। ਨਵੀਂ ਸੇਵਾ ਇਸ ਸਾਲ ਦੇ ਅੰਤ ਵਿੱਚ ਸ਼ੁਰੂ ਹੋਵੇਗੀ ਅਤੇ 2026 ਦੇ ਸ਼ੁਰੂ ਵਿੱਚ ਪੂਰੀ ਤਰ੍ਹਾਂ ਕਾਰਜਸ਼ੀਲ ਹੋ ਜਾਵੇਗੀ।

ਸੇਵਾ ਦਾ ਪੱਧਰ ਸਕੂਲ ਦੀਆਂ ਜ਼ਰੂਰਤਾਂ 'ਤੇ ਨਿਰਭਰ ਕਰੇਗਾ। ਸੀਮੌਰ ਨੇ ਕਿਹਾ ਕਿ, "ਇਹ ਬਜਟ ਸਕੂਲਾਂ ਨੂੰ ਸਲਾਹ ਅਤੇ ਸਹਾਇਤਾ ਤੋਂ ਲੈ ਕੇ ਵਿਦਿਆਰਥੀਆਂ ਦੇ ਤੀਬਰ ਕੇਸ ਪ੍ਰਬੰਧਨ ਤੱਕ ਹੋਵੇਗਾ।"

ਸੇਮੋਰ ਨੇ ਕਿਹਾ ਕਿ ਨਵੀਂ ਹਾਜ਼ਰੀ ਸੇਵਾ 2024 ਦੀ ਸਿੱਖਿਆ ਸਮੀਖਿਆ ਦਫ਼ਤਰ ਦੀ ਰਿਪੋਰਟ 'ਤੇ ਅਧਾਰਿਤ ਸੀ, ਜਿਸ ਵਿੱਚ ਪਾਇਆ ਗਿਆ ਕਿ 80,000 ਤੋਂ ਵੱਧ ਵਿਦਿਆਰਥੀ "ਲੰਬੇ ਸਮੇਂ ਲਈ ਗੈਰਹਾਜ਼ਰ" ਸਨ। ਇਸ ਵਿੱਚ ਕਿਹਾ ਗਿਆ ਹੈ ਕਿ ਵਿਦਿਆਰਥੀਆਂ ਨੂੰ ਸਕੂਲ ਵਾਪਸ ਲਿਆਉਣ ਲਈ ਤਿਆਰ ਕੀਤਾ ਗਿਆ ਸਿਸਟਮ ਬੇਅਸਰ ਸੀ ਅਤੇ ਇਸ ਵਿੱਚ ਸੁਧਾਰ ਦੀ ਮੰਗ ਕੀਤੀ ਗਈ ਸੀ।

## ਹਿੰਸਾ ਭਰੀ ਧਮਕੀ ਮਿਲਣ ਤੋਂ ਬਾਅਦ ਨੈਲਸਨ ਦੇ ਤਿੰਨ ਸਕੂਲਾਂ ਵਿੱਚ ਲੱਗਿਆ ਲੌਕਡਾਊਨ



ਨੈਲਸਨ ਕਾਲਜ ਅਤੇ ਸਕੂਲ ਪ੍ਰਿੰਸੀਪਲ ਨੇ ਬੁੱਧਵਾਰ ਨੂੰ ਵਿਦਿਆਰਥੀਆਂ ਵਿਰੁੱਧ ਹਿੰਸਾ ਦੀ ਧਮਕੀ ਦੇਣ ਵਾਲੀ ਈਮੇਲ ਮਿਲਣ ਤੋਂ ਬਾਅਦ ਨੈਲਸਨ ਦੇ ਸਕੂਲ ਤਾਲਾਬੰਦ ਕੀਤੇ ਜਾਣ ਦੀ ਜਾਣਕਾਰੀ ਸਾਂਝੀ ਕੀਤੀ ਹੈ। ਪੁਲਿਸ ਨੇ ਪਹਿਲਾਂ ਨੈਲਸਨ ਰੋਡ ਨੂੰ ਬੰਦ ਕਰ ਦਿੱਤਾ ਸੀ ਅਤੇ ਘੇਰਾਬੰਦੀ ਕਰ ਦਿੱਤੀ ਸੀ, ਜਿਸਨੂੰ ਬਾਅਦ ਵਿੱਚ ਹਟਾ ਦਿੱਤਾ ਗਿਆ ਹੈ। ਪੁਲਿਸ ਦੁਆਰਾ ਇੱਕ ਵਿਅਕਤੀ ਨਾਲ ਗੱਲਬਾਤ ਵੀ ਕੀਤੀ ਗਈ ਹੈ। ਪੁਲਿਸ ਨੇ ਕਿਹਾ ਕਿ, "ਘਟਨਾ ਤੋਂ ਬਾਅਦ ਜਨਤਾ ਨੂੰ ਕੋਈ ਖ਼ਤਰਾ ਨਹੀਂ ਸੀ ਅਤੇ ਪੁਲਿਸ ਕਾਰਵਾਈ ਦੀ ਲੋੜ ਨਹੀਂ ਸੀ।" ਨੈਲਸਨ ਕਾਲਜ ਦੇ ਪ੍ਰਿੰਸੀਪਲ ਡੈਨੀਅਲ ਵਿਲਸਨ ਨੇ ਇੱਕ ਬਿਆਨ ਵਿੱਚ ਕਿਹਾ ਕਿ ਈਮੇਲ ਮਿਲਣ ਤੋਂ ਬਾਅਦ ਸਕੂਲ ਨੇ ਤੁਰੰਤ ਪੁਲਿਸ ਨਾਲ ਸੰਪਰਕ ਕੀਤਾ ਸੀ।ਨੈਲਸਨ ਕਾਲਜ, ਨੈਲਸਨ ਪ੍ਰਾਇਮਰੀ ਸਕੂਲ ਅਤੇ ਬ੍ਰਾਡਗ੍ਰੀਨ ਇੰਟਰਮੀਡੀਏਟ ਨੂੰ ਅੱਜ ਦੁਪਹਿਰ 2 ਵਜੇ ਦੇ ਕਰੀਬ ਲਾਕਡਾਊਨ ਕੀਤਾ ਗਿਆ ਸੀ। 9 ਅਜਿਹਾ ਨਜ਼ਦੀਕ ਹੀ ਵਾਪਰੀ ਇੱਕ ਹਥਿਆਰਬੰਦ ਘਟਨਾ ਦੇ ਮੱਦੇਨਜ਼ਰ ਕੀਤਾ ਗਿਆ ਸੀ। NZ ਨੇਲਸਨ ਕਾਲਜ ਦੇ ਪ੍ਰਿੰਸਿਪਲ ਡੈਨੀਅਲ ਵਿਲਸਨ ਨੇ ਦੱਸਿਆ ਕਿ ਸਕੂਲ ਅਤੇ ਵਿਦਆਰਥੀਆਂ ਨੂੰ ਧਮਕੀ ਮਿਲੀ ਸੀ, ਜਿਸ ਕਾਰਨ ਇਹ ਲਾਕਡਾਉਨ ਲਾਇਆ ਗਿਆ।

ਹਾਲਾਂਕਿ "ਪੂਰੀ ਤਰ੍ਹਾਂ ਮੁਲਾਂਕਣ ਕਰਨ ਤੋਂ ਬਾਅਦ, ਪੁਲਿਸ ਨੇ ਸਲਾਹ ਦਿੱਤੀ ਕਿ ਕੋਈ ਖ਼ਤਰਾ ਨਹੀਂ ਹੈ ਅਤੇ ਵਿਦਿਆਰਥੀਆਂ ਨੂੰ ਆਮ ਨਾਲੋਂ ਥੋੜ੍ਹੀ ਦੇਰ ਬਾਅਦ ਸੁਰੱਖਿਅਤ ਢੰਗ ਨਾਲ ਰਿਹਾਅ ਕਰ ਦਿੱਤਾ ਗਿਆ।"




## ਆਸਟ੍ਰੇਲੀਆ 'ਚ 'ਲੇਬਰ ਪਾਰਟੀ' ਦੀ ਸ਼ਾਨਦਾਰ ਜਿੱਤ ਤੋਂ ਬਾਅਦ ਕੈਬਨਿਟ ਨੇ ਚੁੱਕੀ ਸੁਹੰ



ਕੈਨਬਰਾ - ਆਸਟ੍ਰੇਲੀਆ ਵਿੱਚ 3 ਮਈ ਨੂੰ ਲੇਬਰ ਪਾਰਟੀ ਦੇ ਭਾਰੀ ਬਹੁਮਤ ਨਾਲ ਦੁਬਾਰਾ ਚੁਣੇ ਜਾਣ ਤੋਂ ਬਾਅਦ ਮੰਗਲਵਾਰ ਨੂੰ ਕੈਬਨਿਟ ਨੇ ਸਹੁੰ ਚੁੱਕੀ। ਵੋਟਾਂ ਦੀ ਗਿਣਤੀ ਅਜੇ ਵੀ ਜਾਰੀ ਹੈ ਅਤੇ ਲੇਬਰ ਪਾਰਟੀ ਨੂੰ 150 ਸੀਟਾਂ ਵਾਲੀ ਪ੍ਰਤੀਨਿਧੀ ਸਭਾ ਵਿੱਚ 92 ਤੋਂ 95 ਸੀਟਾਂ ਜਿੱਤਣ ਦੀ ਉਮੀਦ ਹੈ। ਪਿਛਲੀ ਸੰਸਦ ਵਿੱਚ ਪਾਰਟੀ ਕੋਲ 78 ਸੀਟਾਂ ਸਨ। ਰੂੜੀਵਾਦੀ ਵਿਰੋਧੀ ਪਾਰਟੀਆਂ ਦੇ ਗੱਠਜੋੜ ਨੂੰ 41 ਸੀਟਾਂ ਮਿਲਣ ਦੀ ਸੰਭਾਵਨਾ ਹੈ।

ਪ੍ਰਧਾਨ ਮੰਤਰੀ ਐਂਥਨੀ ਅਲਬਾਨੀਜ਼ ਬੁੱਧਵਾਰ ਨੂੰ ਇੰਡੋਨੇਸ਼ੀਆ ਦੇ ਰਾਸ਼ਟਰਪਤੀ ਪ੍ਰਬੋਵੋ ਸੁਬੀਆਂਤੋ ਨੂੰ ਮਿਲਣ ਲਈ ਜਕਾਰਤਾ ਦੀ ਯਾਤਰਾ ਕਰਨ ਦੀ ਯੋਜਨਾ ਬਣਾ ਰਹੇ ਹਨ। ਇਸ ਤੋਂ ਬਾਅਦ ਉਹ ਐਤਵਾਰ ਨੂੰ ਪੋਪ ਲਿਓ 14ਵੇਂ ਦੇ ਸਹੁੰ ਚੁੱਕ ਸਮਾਰੋਹ ਵਿੱਚ ਸ਼ਾਮਲ ਹੋਣ ਲਈ ਇੰਡੋਨੇਸ਼ੀਆ ਤੋਂ ਰੋਮ ਦੀ ਯਾਤਰਾ ਕਰਨਗੇ। ਰੂੜੀਵਾਦੀ ਵਿਰੋਧੀ ਲਿਬਰਲ ਪਾਰਟੀ ਨੇ ਮੰਗਲਵਾਰ ਨੂੰ ਸਾਬਕਾ ਮੰਤਰੀ ਸੁਸਾਨ ਲੇ ਨੂੰ ਆਪਣਾ ਨਵਾਂ ਨੇਤਾ ਚੁਣਿਆ। ਉਹ 1944 ਵਿੱਚ ਸਥਾਪਿਤ ਪਾਰਟੀ ਦੀ ਅਗਵਾਈ ਕਰਨ ਵਾਲੀ ਪਹਿਲੀ ਔਰਤ ਹੈ।

MPS Surgery Ltd

Services Provided:
* Adult and child Medical Care
* Minor Accident Care
* Minor Surgery
* Repeat Prescriptions
* Lab results
* Liquid Nitrogen
* Immunisation
* Cervical Screening
* ECG
* Travel Advice/Immunisations
* Well Child/Tamariki Oral Health Checks - Birth to Three Years,
* Immigration Medicals for New Zealand.

General Practitioner - Dr. Mohinder Pal Singh
ਤੁਹਾਡੀ ਆਪਣੀ ਭਾਸ਼ਾ ਬੋਲਣ ਵਾਲੇ ਡਾਕਟਰ

44 Mason Avenue Otahuhu, Auckland 1062
Open : Monday - Friday
09:00 AM - 5:30 PM
(Last appointment of the day is taken half an hour before closing time.)
Phone No. : (09) 276 7111
Email Id: admin@mpssurgery.co.nz


Harcourts Topline
THINKING OF
BUYING OR SELLING
ਘਰ ਖਰੀਦਣ ਅਤੇ ਵੇਚਣ
ਲਈ ਸੰਪਰਕ ਕਰੋ।
ਤੁਹਾਡੀ ਆਪਣੀ ਭਾਸ਼ਾ ਬੋਲਣ
ਵਾਲੇ ਤਜ਼ਰਬੇਕਾਰ ਸਲਾਹਕਾਰ
Hardev Brar
Sales Consultant
M 027 442 7338 P 09 620 6222
DDI 09 390 0004
hardev.brar@harcourts.co.nz
www.toplinerealty.co.nz
206 Stoddard Road,
Mt Roskill, Auckland


22 Ranfurly Road, Papatoetoe
Harcourts Topline
FOR SALE
Asking Price - $939,000
This property offers you ample space for a growing family or a savvy investor. The home boasts a refurbished interior perfect for comfortable living. Don't miss out this fantastic opportunity!!
PROPERTY FEATURES
5 Bedrooms
2 Bathrooms
344 sqm Land Area
125 sqm Floor Area
Fully Fenced
Hardev Brar
027 442 7338
hardev.brar@harcourts.co.nz
CONTACT ME NOW


SPARKELS
JEWELLERS
SPARKLE YOUR LIFE WITH SPARKLE JAWELLER
1. We Buy Gold Diamond & Coins
2. 22 kt., 9kt, 18kt & Diamond Jewellery
3. Jewellery Valuation
4. Jewellery Repairing
5. Lucky Stones
CALL: G S HAPPY
DDI 093901041
208, Great South Road Papatoetoe PH: 0800 030377


ਜੀ ਆਇਆਂ ਨੂੰ
093920400
ARDASS TRAVEL
ਦੁਨੀਆ ਭਰ ਵਿੱਚ ਕਿਤੇ ਵੀ ਟਰੈਵਲ ਕਰਨ ਲਈ ਸਭ ਤੋਂ ਸਸਤੀ ਟਿਕਟ ਪਾਓ ਸਿਰਫ ਅਰਦਾਸ ਟਰੈਵਲ
+64 22 480 0000 , 0224810000
info@ardasstravel.com
ardasstravel.com
185 Great South Road Manurewa
Aukland 2102
ਅਰਦਾਸ ਟਰੈਵਲ







# ਦੂਜੇ ਗਿੱਧਾ ਕੱਪ ਬ੍ਰਿਸਬੇਨ ਲਈ ਪੰਜਾਬੀ ਫੋਕ ਡਾਂਸ ਐਸੋਸੀਏਸ਼ਨ ਕਮੇਟੀ ਦੀ ਚੋਣ

ਬ੍ਰਿਸਬੇਨ - ਆਸਟ੍ਰੇਲੀਆ ਨਿਊਜ਼ੀਲੈਂਡ ਦੇ ਇਤਿਹਾਸ ਵਿਚ ਪਹਿਲੀ ਵਾਰ ਗਿੱਧਾ ਕੱਪ ਕਰਵਾਉਣ ਦੀ ਪਹਿਲਕਦਮੀ ਕਰਨ ਵਾਲੀ ਸਿਰਮੌਰ ਸੰਸਥਾ ਪੰਜਾਬੀ ਫੋਕ ਡਾਂਸ ਐਸੋਸੀਏਸ਼ਨ ਬ੍ਰਿਸਬੇਨ ਦੀ ਇਕ ਜ਼ਰੂਰੀ ਮੀਟਿੰਗ ਸੰਸਥਾ ਦੀ ਨਵ-ਨਿਯੁਕਤ ਪ੍ਰਧਾਨ ਸੁਨੀਤਾ ਸੈਣੀ ਦੀ ਪ੍ਰਧਾਨਗੀ ਹੇਠ ਸਥਾਨਿਕ ਸੰਕਲਪ ਰੈਸਟੋਰੈਂਟ ਸਪ੍ਰਿੰਗਫੀਲਡ ਲੇਕਸ ਵਿਖੇ ਆਯੋਜਿਤ ਕੀਤੀ ਗਈ, ਜਿਸ ਵਿਚ ਲੋਕ-ਨਾਚਾਂ ਅਤੇ ਸੱਭਿਆਚਾਰ ਲਈ ਕੰਮ ਕਰਨ ਵਾਲੀਆਂ 15 ਸੰਸਥਾਵਾਂ ਦੇ ਨੁਮਾਇੰਦਿਆਂ ਨੇ ਸ਼ਿਰਕਤ ਕੀਤੀ। ਮੀਟਿੰਗ ਵਿੱਚ ਸਰਬਸੰਮਤੀ ਨਾਲ ਗਿੱਧਾ ਕੱਪ ਦੀ ਵਾਗਡੋਰ ਔਰਤਾਂ ਨੂੰ ਸੌਂਪਦਿਆਂ ਪ੍ਰਧਾਨ ਵਜੋਂ ਸੁਨੀਤਾ ਸੈਣੀ (ਰੂਹ ਪੰਜਾਬ ਦੀ) ਜਨਰਲ ਸਕੱਤਰ ਵਜੋਂ ਸੋਨਾ ਖਹਿਰਾ (ਇਪਸਾ ਗਰੁੱਪ) ਕੈਸ਼ੀਅਰ ਵਜੋਂ ਦਿਲਪ੍ਰੀਤ ਕੌਰ ਬਾਰੀਆ (ਹਿੱਪ ਹੌਪ ਅਕੈਡਮੀ ਗੋਲ਼ਡ ਕੋਸਟ) ਉਪ ਪ੍ਰਧਾਨ ਵਜੋਂ ਗੁਣਦੀਪ ਘੁੰਮਣ, (ਫੋਕ ਬਲਾਸਟਰਜ) ਵਿਪ ਸਕੱਤਰ ਵਜੋਂ ਹਰਪ੍ਰੀਤ ਕੌਰ ਕੁਲਾਰ (ਗਿੱਧਾ ਵਾਜਾਂ ਮਾਰਦਾ) ਅਤੇ ਮੁੱਖ ਪ੍ਰਵਕਤਾ ਵਜੋਂ ਅਮਨ ਸ਼ੇਰਗਿੱਲ (ਪਿਓਰ ਗਿੱਧਾ ਗਰਲਜ਼) ਦੀ ਚੋਣ ਕੀਤੀ ਗਈ।

ਅਸ਼ੋਸੀਏਟਿਵ ਮੈਂਬਰ ਸੰਸਥਾਵਾਂ ਤੇ ਆਧਾਰਿਤ ਕੋਰ ਕਮੇਟੀ ਵਿੱਚ ਮਨਦੀਪ ਸਿੰਘ (ਸੁਰਤਾਲ ਅਕੈਡਮੀ) ਗੁਰਜੀਤ ਬਾਰੀਆ (ਹਿੱਪ ਹੌਪ ਭੰਗੜਾ ਅਕੈਡਮੀ ਗੋਲ਼ਡ ਕੋਸਟ) ਸਰਬਜੀਤ ਸੋਹੀ (ਇਪਸਾ ਗਰੁੱਪ) ਮਲਕੀਤ ਧਾਲੀਵਾਲ (ਸ਼ੇਰ-ਏ-ਪੰਜਾਬ ਭੰਗੜਾ ਅਕੈਡਮੀ) ਚਰਨਜੀਤ ਕਾਹਲੋਂ (ਹੁਨਰ-ਏ-ਰੀਜੈਂਟ ਪਾਰਕ ਗਿੱਧਾ ਅਕੈਡਮੀ) ਰਾਜਦੀਪ ਲਾਲੀ (ਸੰਨ-ਸ਼ਾਈਨ ਪੰਜਾਬੀ ਕੋਸਟ ਵੈੱਲਫੇਅਰ ਐਸੋਸੀਏਸ਼ਨ) ਨੂੰ ਸ਼ਾਮਲ ਕੀਤਾ ਗਿਆ। ਐਫਲੀਏਟਿਡ ਸੰਸਥਾਵਾਂ ਤੇ ਅਧਾਰਿਤ ਸਲਾਹਕਾਰ ਕਮੇਟੀ ਵਿੱਚ ਜਗਜੀਤ ਸਿੰਘ ਮਾਂਗਟ (ਪੰਜਾਬੀ ਭੰਗੜਾ ਫੋਰਸ) ਸੁਖਮੰਦਰ ਸਿੰਘ ਸੰਧੂ (ਲੋਗਨ ਪੰਜਾਬੀ ਕਮਿਊਨਿਟੀ ਸਪੋਰਟਸ ਕਲੱਬ) ਸੌਰਭ ਮਹਿਰਾ (ਸੁਰਤਾਲ ਸੱਭਿਆਚਾਰਕ ਸੱਥ) ਅਤੇ ਮਨਪ੍ਰੀਤ ਕੌਰ ਸੰਧੂ (ਇਪਸਾ ਗਰੁੱਪ) ਅਤੇ ਹਰਕਮਲ ਸਿੰਘ (ਹਿੱਪ ਹੌਪ ਗਿੱਧਾ ਅਕੈਡਮੀ ਗੋਲ਼ਡ ਕੋਸਟ) ਨੂੰ ਸ਼ਾਮਲ ਕੀਤਾ ਗਿਆ।

ਚੁਣੀ ਗਈ ਕਮੇਟੀ ਵੱਲੋਂ ਪ੍ਰੈੱਸ ਨੋਟ ਜਾਰੀ ਕਰਦਿਆਂ ਦੱਸਿਆ ਕਿ ਦੂਸਰਾ ਬ੍ਰਿਸਬੇਨ ਗਿੱਧਾ ਕੱਪ ਮਿਤੀ 28 ਸਤੰਬਰ ਨੂੰ ਗੋਲਡ ਕੋਸਟ ਦੇ ਪ੍ਰਸਿੱਧ ਹਾਲ ਹੋਤਾ ਸੈਂਟਰ ਵਿਖੇ ਕਰਵਾਇਆ ਜਾਵੇਗਾ। ਇਸ ਗਿੱਧਾ ਕੱਪ ਲਈ ਜਲਦੀ ਹੀ ਰਜਿਸਟਰੇਸ਼ਨ ਓਪਨ ਕੀਤੀ ਜਾਵੇਗੀ। ਪਹਿਲਾਂ ਵਾਂਗ ਹੀ ਇਸ ਵਿੱਚ ਉਮਰ ਦੇ ਤਿੰਨ ਗਰੁੱਪ ਅਤੇ ਮਿਊਜ਼ਿਕ ਕੈਟਾਗਰੀ ਦੇ ਨਾਲ-ਨਾਲ ਲਾਈਵ ਗਿੱਧਾ ਵੀ ਕਰਵਾਇਆ ਜਾਵੇਗਾ। ਅੰਤ ਵਿੱਚ ਪੰਜਾਬੀ ਫੋਕ ਡਾਂਸ ਐਸੋਸੀਏਸ਼ਨ ਦੀ ਸਕੱਤਰ ਸੋਨਾ ਖਹਿਰਾ ਨੇ ਆਏ ਹੋਏ ਸਾਰੇ ਮੈਂਬਰਾਂ ਦਾ ਧੰਨਵਾਦ ਕਰਦਿਆਂ, ਇਸ ਗਿੱਧਾ ਕੱਪ ਨੂੰ ਪਹਿਲਾਂ ਨਾਲੋਂ ਵੀ ਵੱਡਾ ਅਤੇ ਵਧੀਆ ਕਰਵਾਉਣ ਦੀ ਵਚਨਬੱਧਤਾ ਦੁਹਰਾਈ ਗਈ।



Mehak E wattan
Fortnightly Newspaper
•Issue-05 • May 2025
www.mehakewattan.com

**Mehak-E-Wattan Team**

**Chief Editor:**
**Hardev Singh Brar**
+64274427338
+64093900004
mehakewattan@gmail.com

**Associate Editor:**
**Jaswinder Kaur Brar**
+64212558338
brarnz@gmail.com

**All Representatives :**
**Gurdeep Singh (Kala Brar)**
+64222786226
kalabrar@gmail.com

**Hardev Mahinangal**
+00642102612568

**Jatinder Brar (Australia)**
+61421370020
jatinderjitbrar@yahoo.com.au

**Sukhkiran Gill. (U.S.A)**
+1 4803492641

**Jasvir. Singh Dhillon. (Germany)**
+491776742031

**Manjit Gill (CANADA)**
+1 4166691379

**Editor from India:**
**Jatinder Panjtoori**
+91 9914109949
Jatindernz@hotmail.com

**Designer & Reporter from Punjab, India:**
**Jaspreet Kaur, Barnala**

**Disclaimer**
Mehak-E-Wattan, LLC is not responsible for any claims made by advertisers nor does it endorse any product or services advertised in the paper. For concerns or questions related to these advertisements, please contact the business directly.

Mehak-E-Wattan, LLC also does not endorse any views presented by volunteer writers. Those views are solely of the author and bear no indication to the views of Mehak-E-Wattan.

**For sale inquiries:**
mehakewattan@gmail.com

**For additional inquires/comments:**
mehakewattan@gmail.com

## ਜੀਵਨ ਇਤਿਹਾਸ

# ਮਹਾਰਾਜਾ ਸ਼ੇਰ ਸਿੰਘ

### ਲੇਖਕ - ਬਾਬਾ ਪ੍ਰੇਮ ਸਿੰਘ ਹੋਤੀ ਮਰਦਾਨ



ਅਸੀਂ ਆਪ ਦੀ ਸਹਾਇਤਾ ਲਈ ਹੋਰ ਜੰਗੀ ਸਾਮਾਨ ਅਤੇ ਸੱਜਰ-ਸ਼ਾਹ ਫ਼ੌਜ ਭੇਜ ਰਹੇ ਹਾਂ। ਉਹ ਆਪ ਨੂੰ ਪੰਜੇ ਸਾਹਿਬ ਦੇ ਪੜਾਅ ਪਰ ਮਿਲ ਜਾਏਗੀ। ਇਥੋਂ ਹਜ਼ਾਰੇ ਵਿਚ ਪਹੁੰਚਣਾ ਲਾਭਦਾਇਕ ਹੋਵੇਗਾ, ਆਦਿ।

### ਬਾਲਾਕੋਟ ਪਰ ਚੜ੍ਹਾਈ

ਮਹਾਰਾਜਾ ਸਾਹਿਬ ਦਾ ਹੁਕਮ ਪਹੁੰਚ ਜਾਣ ਪਰ ਯੋਗ ਤਿਆਰੀ ਦੇ ਉਪਰੰਤ ਸ਼ਹਿਜ਼ਾਦਾ ਸ਼ੇਰ ਸਿੰਘ ਨੇ ਸਣੇ ਖ਼ਾਲਸਾ ਫ਼ੌਜ ਦੇ ਬਾਲਾਕੋਟ, ਹਜ਼ਾਰੇ ਵੱਲ ਕੂਚ ਕਰ ਦਿੱਤਾ ਤੇ ਨੀਯਤ ਸਮੇਂ (ਹਸਨ-ਅਬਦਾਲ) ਦੇ ਖੁੱਲ੍ਹੇ ਮੈਦਾਨ ਵਿੱਚ ਆ ਡੇਰਾ ਜਮਾਇਆ। ਇਥੇ ਪਹੁੰਚਣ ਦੇ ਦੂਜੇ ਦਿਨ ਮਹਾਰਾਜਾ ਸਾਹਿਬ ਦੀ ਭੇਜੀ ਹੋਈ ਫ਼ੌਜ ਵੀ ਪਹੁੰਚ ਗਈ। ਇਸ ਫ਼ੌਜ ਦਾ ਸ਼ਹਿਜ਼ਾਦਾ ਸਾਹਿਬ ਨੇ ਸਣੇ ਆਪਣੀ ਪਹਿਲੀ ਫ਼ੌਜ ਅਤੇ ਵਾਜਿਆਂ ਗਾਜਿਆਂ ਨਾਲ ਅਗਵਾਈ ਕੀਤੀ।

ਅੱਗੋਂ ਆਉਣ ਵਾਲੇ ਨਵੇਂ ਫ਼ੌਜੀ ਵੀਰ ਆਪਣੇ ਪਹਿਲੇ ਭਰਾਵਾਂ ਨੂੰ ਅਤਿ ਪਿਆਰ ਅਤੇ ਜੋਸ਼ ਜੈਕਾਰਿਆਂ ਦੀ ਗੂੰਜ ਵਿਚ ਇੱਕ ਦੂਜੇ ਨੂੰ ਇੰਵ ਘੁੱਟ-ਘੁੱਟ ਕੇ ਜੱਫ਼ੀਆਂ ਪਾ ਕੇ ਮਿਲੇ ਜਿਵੇਂ ਵਿੱਛੜੇ ਹੋਏ ਸਕੇ ਵੀਰ ਮਿਲਦੇ ਹਨ। ਹੁਣ ਇਹ ਦੋਵੇਂ ਫ਼ੌਜਾਂ ਇਕੋ ਡੇਰੇ (ਕੈਂਪ) ਵਿੱਚ ਟਿਕ ਗਈਆਂ।

ਇਥੇ ਕੁਝ ਕੁ ਦਿਨ ਆਰਾਮ ਕਰਨ ਦੇ ਉਪਰੰਤ ਦੋਵੇਂ ਫ਼ੌਜਾਂ ਨੇ ਮਿਲ ਕੇ ਹਜ਼ਾਰੇ ਵੱਲ ਕੂਚ ਕਰ ਦਿੱਤਾ। ਇਸ ਤਰ੍ਹਾਂ ਮੰਜ਼ਲੋ-ਮੰਜ਼ਲ ਬਿਨਾਂ ਰਾਹ ਵਿਚ ਕਿਸੇ ਅਟਕਾ ਦੇ ਇਨ੍ਹਾਂ ਬਾਲਾਕੋਟ ਤੋਂ ਦੋ ਮੰਜ਼ਲਾਂ ਦੀ ਵਾਟ ਪਰ ਡੇਰਾ ਲਾ ਦਿੱਤਾ।

### ਬਾਲਾਕੋਟ ਦਾ ਸੰਗਰਾਮ

ਬਾਲਾਕੋਟ ਹਜ਼ਾਰੇ ਅਤੇ ਕਸ਼ਮੀਰ ਦੀ ਕਠਿਨ ਪਹਾੜੀ ਸਰਹੱਦ ਪਰ ਵਸਿਆ ਹੋਇਆ ਇਕ ਟਿਕਾਣਾ ਸੀ, ਜਿੱਥੇ ਉਸ ਦੇ ਚੌਗਿਰਦੇ ਪਹਾੜ ਹੀ ਪਹਾੜ ਸਨ। ਇਨ੍ਹਾਂ ਪਰਬਤਾਂ ਦੇ ਵਿਚਾਲੇ ਕੁਝ ਪੱਧਰ ਜ਼ਮੀਨ ਸੀ ਜਿਸ ਵਿਚ ਖੇਤੀ ਉਪਜਦੀ ਸੀ। ਇਥੇ ਪਹੁੰਚਣ ਲਈ ਕੇਵਲ ਇਕੋ ਰਾਹ ਸੀ ਜਿਹੜਾ ਆਵਾਜਾਈ ਲਈ ਵਰਤੋਂ ਵਿਚ ਆਉਂਦਾ ਸੀ।

ਹੁਣ ਸੱਯਦ ਸਾਹਿਬ ਨੇ ਜਦ ਸ਼ਹਿਜ਼ਾਦਾ ਸ਼ੇਰ ਸਿੰਘ ਦੀ ਫ਼ੌਜ ਦਾ ਇੱਧਰ ਆਉਣਾ ਸੁਣਿਆ ਤਾਂ ਉਸ ਨੇ ਆਪਣੇ ਮੋਰਚਿਆਂ ਨੂੰ ਪੱਕਿਆਂ ਕਰਨ ਵਿੱਚ ਦਿਨ-ਰਾਤ ਇੱਕ ਕਰ ਦਿੱਤਾ। ਇਸ ਗੱਲ ਦੇ ਮੰਨਣ ਤੋਂ ਨਾਂਹ ਨਹੀਂ ਕੀਤੀ ਜਾ ਸਕਦੀ ਕਿ ਖ਼ਲੀਫ਼ਾ ਇਕ ਬੜੀ ਉੱਚੀ ਹਿੰਮਤ ਅਤੇ ਅਥੱਕ ਘਾਲਾਂ ਘਾਲਣ ਵਾਲਾ ਪੁਰਸ਼ ਸੀ। ਇੱਕ ਪਾਸੇ ਉਹ ਆਪਣੇ ਬਚਾਉ ਲਈ ਪੱਕੇ ਮੋਰਚੇ ਤਿਆਰ ਕਰਵਾ ਰਿਹਾ ਸੀ ਤਾਂ ਦੂਜੇ ਬੰਨੇ ਲੜਾਈ ਵਿੱਚ ਖਾਣਾ ਦਾਣਾ ਅਤੇ ਜੰਗੀ ਸਾਮਾਨ ਇਕੱਠਾ ਕਰਨ ਵਿਚ ਜੁਟਿਆ ਹੋਇਆ ਸੀ।

ਪਾਠਕ ਉੱਪਰ ਪੜ੍ਹ ਆਏ ਹਨ ਕਿ ਹਜ਼ਾਰੇ ਵਿਚੋਂ ਬਾਲਾਕੋਟ ਪਹੁੰਚਣ ਲਈ ਚਾਲੂ ਰਾਹ ਕੇਵਲ ਇਕ ਹੀ ਸੀ ਜਿਸ ਨੂੰ ਹੁਣ ਖ਼ਲੀਫ਼ਾ ਸਾਹਿਬ ਨੇ ਆਪਣੇ ਅਧਿਕਾਰ ਵਿੱਚ ਕਰ ਲਿਆ ਸੀ। ਇਸ ਦੇ ਦੋਵੀਂ ਪਾਸੀਂ ਇਸ ਨੇ ਐਸੇ ਪੱਕੇ ਮੋਰਚਿਆਂ ਤੇ ਸੰਘਰਾਂ ਦਾ ਜਾਲ ਵਿਛਾ ਦਿੱਤਾ ਸੀ ਜਿਸ ਦੇ ਕਾਰਣ ਕੋਈ ਹੱਲਾ ਬੋਲਣ ਵਾਲੀ ਫ਼ੌਜ, ਭਾਵੇਂ ਉਹ ਕਿੰਨੀ ਵੀ ਸ਼ਕਤੀਮਾਨ ਹੋਵੇ, ਇਨ੍ਹਾਂ ਫੰਧਿਆਂ ਵਿੱਚੋਂ ਕਿਸੇ ਤਰ੍ਹਾਂ ਬੱਚ ਕੇ ਨਿਕਲ ਹੀ ਨਾ ਸੀ ਸਕਦੀ।

ਹੁਣ ਸ਼ਹਿਜ਼ਾਦਾ ਸ਼ੇਰ ਸਿੰਘ ਦੀ ਖ਼ਾਲਸਾ ਫ਼ੌਜ ਜਦੋਂ ਬਾਲਾਕੋਟ ਦੇ ਲਾਗੇ ਪੁੱਜੀ ਤਾਂ ਕੰਵਰ ਸਾਹਿਬ ਨੂੰ ਪਤਾ ਲੱਗਾ ਕਿ ਖ਼ਲੀਫ਼ੇ ਨੇ ਕਈ ਹਜ਼ਾਰ ਗ਼ਾਜ਼ੀਆਂ ਦਾ ਲਸ਼ਕਰ ਇਥੇ ਮੁੜ ਆਪਣੇ ਦੁਆਲੇ ਇਕੱਠਾ ਕਰ ਲਿਆ ਹੈ[1]।

ਇਥੇ ਪਹੁੰਚ ਕੇ ਸ਼ਹਿਜ਼ਾਦਾ ਸਾਹਿਬ ਨੇ ਆਪਣੇ ਸਾਰੇ ਸਰਦਾਰਾਂ ਦਾ ਇਕੱਠ ਕੀਤਾ ਅਤੇ ਸਾਹਮਣੇ ਆਉਣ ਵਾਲੇ ਸੰਗਰਾਮ ਦੇ ਹਰ ਇਕ ਪੱਖ ਪਰ ਵਿਚਾਰ ਕੀਤਾ। ਪੁੱਛ-ਗਿੱਛ ਕਰਨ ਤੋਂ ਮਾਲੂਮ ਹੋਇਆ ਕਿ ਬਾਲਾਕੋਟ ਤੱਕ ਪਹੁੰਚਣ ਲਈ ਪ੍ਰਸਿੱਧ ਚਾਲੂ ਰਾਹ ਤੋਂ ਵੱਖ ਇੱਕ ਹੋਰ ਮਾਰਗ ਵੀ ਹੈ ਜਿਹੜਾ ਪਹਾੜਾਂ ਦੇ ਵਿੱਚੋਂ ਦੀ ਹੋ ਕੇ ਬਾਲਾਕੋਟ ਦੇ ਪਿਛਲੇ ਪਾਸੇ ਜਾ ਨਿਕਲਦਾ ਹੈ। ਇਸ ਨੂੰ ਬੁੱਧ ਦਾ ਰਾਹ[2] ਆਖਦੇ ਹਨ, ਪਰ ਮੁਰੰਮਤ ਨਾ ਹੋਣ ਦੇ ਕਾਰਣ ਭਾਵੇਂ ਇਹ ਅੱਜ ਕੱਲ੍ਹ ਚਾਲੂ ਨਹੀਂ ਪਰ ਥੋੜ੍ਹੇ ਜਿਹੇ ਯਤਨ ਨਾਲ ਇਹ ਵਰਤੋਂ ਯੋਗ ਹੋ ਸਕਦਾ ਹੈ। ਸ਼ਹਿਜ਼ਾਦੇ ਨੇ ਝੱਟ ਇਸ ਦੀ ਦੇਖ-ਭਾਲ ਕੀਤੀ ਅਤੇ ਇਸ ਗੱਲ ਦਾ ਨਿਸਚਾ ਹੋ ਗਿਆ ਕਿ ਇਹ ਰਾਹ ਬੜਾ ਲਾਭਦਾਇਕ ਹੋ ਸਕਦਾ ਹੈ। ਸੋ ਉਸੇ ਦਿਨ ਤੋਂ ਚੁੱਪਚਾਪ ਇਸ ਦੀ ਸਫ਼ਾਈ ਪਰ ਆਪਣੀ ਬੇਲਦਾਰ ਰਜਮੰਟ ਲੁਵਾ ਕੇ ਉਸ ਦੀ ਲੋੜੀਂਦੀ ਭੰਨ-ਟੁੱਟ ਠੀਕ-ਠਾਕ ਕਰਵਾ ਦਿੱਤੀ।

ਖ਼ਲੀਫ਼ੇ ਦੇ ਲਸ਼ਕਰ ਪਰ ਹੱਲਾ ਬੋਲਣ ਲਈ ਸ਼ਹਿਜ਼ਾਦੇ ਨੇ ਆਪਣੇ ਫ਼ੌਜੀ ਸਰਦਾਰਾਂ ਦੀ ਰਾਏ ਨਾਲ ਇਹ ਫ਼ੈਸਲਾ ਕੀਤਾ ਕਿ ਖ਼ਾਲਸਾ ਫ਼ੌਜ ਨੂੰ ਦੋ ਭਾਗਾਂ ਵਿੱਚ ਵੰਡਿਆ ਜਾਵੇ। ਇਕ ਰਜਮੰਟ ਪੈਦਲ ਅਤੇ ਪੰਜ ਹਲਕੀਆਂ ਤੋਪਾਂ ਤੇ 10 ਊਠਾਂ ਦੇ ਜ਼ੰਬੂਰਕ ਇਸ ਛੁਪਵੇਂ ਰਾਹ ਥਾਣੀਂ ਖ਼ਲੀਫ਼ੇ ਦੇ ਡੇਰੇ ਦੇ ਪਿੱਛੋਂ ਦੀ ਪਹੁੰਚ ਕੇ ਉਨ੍ਹਾਂ ਨੂੰ ਘੇਰਾ ਪਾਉਣ ਦਾ ਯਤਨ ਕਰੇ ਅਤੇ ਸਾਹਮਣੇ ਰਾਹ ਨੂੰ ਖੋਲ੍ਹਣ ਲਈ ਵੱਡੀਆਂ ਤੋਪਾਂ ਤੇ ਰਸਾਲਾ ਫ਼ੌਜ ਸਣੇ ਕੁਝ ਪੈਦਲ ਰਜਮੰਟਾਂ ਦੇ ਇਨ੍ਹਾਂ ਪਰ ਚੜ੍ਹਾਈ ਕਰਕੇ ਰਸਤਾ ਗ਼ਾਜ਼ੀਆਂ ਤੋਂ ਛੁਡਾ ਲਏ। ਇਸ ਤਰ੍ਹਾਂ ਦੋਵੇਂ ਫ਼ੌਜਾਂ ਆਪਸ ਵਿੱਚ ਮਿਲ ਕੇ ਖ਼ਲੀਫ਼ਾ ਤੇ ਉਸ ਦੇ ਲਸ਼ਕਰ ਨੂੰ ਐਸਾ ਤਕੜਾ ਘੇਰਾ ਪਾਏ ਜਿਸ ਵਿਚੋਂ ਇਕ ਜਹਾਦੀ ਵੀ ਬਚ ਕੇ ਨਾ ਨਿਕਲ ਸਕੇ। ਗ਼ਾਜ਼ੀਆਂ ਪਰ ਧਾਵਾ ਬੋਲਣ ਲਈ 30 ਮਈ ਸੰਨ 1831 ਦਾ ਦਿਨ ਨੀਯਤ ਕੀਤਾ ਗਿਆ।[1] ਧਾਵੇ ਤੋਂ ਪਹਿਲਾਂ ਸ਼ਾਹਜ਼ਾਦਾ ਸ਼ੇਰ ਸਿੰਘ ਨੇ ਸਾਰੀ ਫੌਜ ਦੇ ਜ਼ਿੰਮੇਵਾਰਾਂ ਤੇ ਮੁਖੀਆਂ ਨੂੰ ਇਕੱਠਾ ਕਰਕੇ ਇੱਕ ਛੋਟਾ ਜਿਹਾ ਭਾਸ਼ਨ ਦਿੱਤਾ ਜਿਹੜਾ ਇੰਨੇ ਬੀਰਤਾ ਦੇ ਭਾਵ ਨਾਲ ਭਰਪੂਰ ਸੀ ਕਿ ਸੁਣਨ ਵਾਲਿਆਂ ਦੇ ਚਿਹਰਿਆਂ ਦੀਆਂ ਲਾਲੀਆਂ ਭਖ਼ ਪਈਆਂ ਅਤੇ ਐਸੀਆਂ ਚੜ੍ਹਦੀਆਂ ਕਲਾਂ ਵਿੱਚ ਆਏ ਕਿ ਮਨ ਆਪੇ ਤੋਂ ਬਾਹਰ ਹੋ ਗਏ। ਸ਼ਹਿਜ਼ਾਦੇ ਨੇ ਖ਼ਾਲਸੇ ਨੂੰ ਸੰਬੋਧਨ ਕਰਦਿਆਂ ਆਖਿਆ,"ਖ਼ਾਲਸਾ ਜੀ ! ਆਪ ਨੇ ਆਪਣੇ ਜੀਵਨ ਵਿਚ ਖ਼ਾਲਸਾ ਰਾਜ ਦੀ ਉਸਾਰੀ ਅਤੇ ਸਥਿਰਤਾ ਲਈ ਅਨੇਕਾਂ ਲੜਾਈਆਂ ਲੜੀਆਂ ਹਨ ਅਤੇ ਅਦੁੱਤੀ ਕੁਰਬਾਨੀਆਂ ਦੇ ਕੇ ਵੱਡੀਆਂ ਸਫ਼ਲਤਾਈਆਂ ਪ੍ਰਾਪਤ ਕੀਤੀਆਂ ਹਨ ਪਰ ਅੱਜ ਦਾ ਸੰਗਰਾਮ ਉਨ੍ਹਾਂ ਸਾਰਿਆਂ ਕਾਰਨਾਮਿਆਂ ਨਾਲੋਂ ਬਹੁਤ ਵੱਧ ਤੋਲ ਰੱਖਦਾ ਹੈ। ਇਸ ਜੰਗ ਨਾਲ ਆਪ ਨੇ ਕੇਵਲ ਹਜ਼ਾਰੇ ਦੇ ਇੱਕ ਪਿੰਡ ਬਾਲਾਕੋਟ ਨੂੰ ਹੀ ਫ਼ਤਹਿ ਨਹੀਂ ਕਰਨਾ ਸਗੋਂ ਇਸ ਫ਼ਤਹਿ ਨਾਲ ਆਪ ਸਾਰੇ ਪੰਜਾਬ ਅਤੇ ਹਿੰਦ ਵਾਸੀਆਂ ਨੂੰ ਆਵਣ ਵਾਲੇ ਬਹੁਤ ਬੜੇ ਖ਼ਤਰੇ ਤੋਂ ਵੀ ਬਚਾ ਲਵੋਂਗੇ। ਗੁਰੂ ਨਾ ਕਰੇ, ਜੇਕਰ ਇਨ੍ਹਾਂ ਕਾਲੇ ਪਹਾੜਾਂ ਵਿੱਚ ਆਪ ਦਾ ਕਦਮ ਜ਼ਰਾ ਵੀ ਪਿੱਛੇ ਪਿਆ ਤਾਂ ਇਸ ਦਾ ਅਸਰ ਸਾਰੇ ਖ਼ਾਲਸਾ ਰਾਜ ਪਰ ਪਏਗਾ। ਆਪ ਇਸ ਗੱਲ ਤੋਂ ਚੰਗੀ ਤਰ੍ਹਾਂ ਜਾਣੂੰ ਹੋ ਕਿ ਸੱਯਦ ਅਹਿਮਦ ਅਤੇ ਇਸ ਦੇ ਸਾਥੀਆਂ ਦੀਆਂ ਜਾਦੂ ਭਰੀਆਂ ਕਥਨੀਆਂ ਤੇ ਵਾਹਿਜ਼ ਇਨ੍ਹਾਂ ਇਲਾਕਿਆਂ ਦੇ ਸਾਫ਼ ਦਿਲ ਵਸਨੀਕਾਂ ਦੇ ਮਨਾਂ ਨੂੰ ਕਿੰਨਾ ਛੇਤੀ ਆਪਣੇ ਕਾਬੂ ਵਿੱਚ ਕਰ ਲੈਂਦੇ ਹਨ ਅਤੇ ਥੋੜ੍ਹੇ ਦਿਨਾਂ ਵਿੱਚ ਹੀ ਇਹ ਕਈ ਹਜ਼ਾਰ ਜੋਸ਼ੀਲੇ ਜਹਾਦੀਆਂ ਨੂੰ ਆਪਣੇ ਚੌਗਿਰਦੇ ਇੱਕਠਾ ਕਰ ਲੈਂਦੇ ਹਨ। ਜਿਸ ਤਰ੍ਹਾਂ ਆਪ ਨੇ, ਆਪਣੀ ਤਲਵਾਰ ਦੇ ਜ਼ੌਹਰ ਅਤੇ ਰਾਜਸੀ ਸੁਚੱਜਤਾ ਨਾਲ ਪਿਸ਼ਾਵਰ ਤੇ ਯੂਸਫ਼ਜ਼ਈ ਦੇ ਇਲਾਕਿਆਂ ਵਿਚੋਂ ਇਸ ਦੀ ਖ਼ਿਲਾਫ਼ਤ ਨੂੰ ਸਦਾ ਲਈ ਮੁਕਾ ਦਿੱਤਾ ਹੈ, ਇਸੇ ਤਰ੍ਹਾਂ ਅੱਜ ਦੇ ਰਣ ਵਿੱਚ ਆਪਣੀ ਬੀਰਤਾ ਅਤੇ ਨਿਰਭੈਤਾ ਦਾ ਇੰਨਾ ਉੱਚਾ ਨਮੂਨਾ ਸਥਾਪਤ ਕਰੋ ਜਿਸ ਨਾਲ ਇਹ ਅੱਜ ਦਾ ਸੰਗਰਾਮ ਆਪਦਾ, ਖ਼ਲੀਫ਼ੇ ਵਿਰੁੱਧ ਛੇਕੜਲਾ ਰਣ ਹੋਵੇ ਅਰਥਾਤ ਅੱਜ ਖ਼ਲੀਫ਼ਾ ਅਤੇ ਇਸ ਦੀ ਖ਼ਿਲਾਫ਼ਤ ਦਾ ਸਦਾ ਲਈ ਧੰਦ ਮੁਕਾ ਕੇ ਮੈਦਾਨ ਵਿਚੋਂ ਪਰਤੀਏ। ਇਸ ਤਰ੍ਹਾਂ ਕਰਨ ਨਾਲ ਜਿਥੇ ਆਪ ਆਪਣੇ ਪਿਆਰੇ ਖ਼ਾਲਸਾ ਰਾਜ ਨੂੰ ਸੁਰੱਖਿਅਤ ਕਰ ਲਵੋਂਗੇ ਉਥੇ ਨਾਲ ਹੀ ਸਾਡੇ ਦੇਸ਼ ਵਾਸੀਆਂ ਨੂੰ ਵੀ ਵੱਡੀ ਅਪਦਾ ਤੋਂ ਸਦਾ ਲਈ ਬਚਾ ਲਵੋਂਗੇ। ਆਉ, ਅੱਜ ਅਸੀਂ ਸਾਰੇ ਆਪਣੇ ਉਸ ਫ਼ਰਜ਼ ਨੂੰ ਪੂਰਾ ਕਰ ਦੱਸੀਏ ਜਿਹੜਾ ਸਾਡੇ ਸਤਿਕਾਰ ਯੋਗ ਮਹਾਰਾਜਾ ਸਾਹਿਬ ਨੇ ਅਸਾਡੇ ਜ਼ਿੰਮੇ ਲਾਇਆ ਹੈ।"

ਦੱਸਿਆ ਜਾਂਦਾ ਹੈ ਕਿ ਉਪਰਲੇ ਛੇਕੜਲੇ ਸ਼ਬਦ ਅਜੇ ਸ਼ਾਹਜ਼ਾਦੇ ਦੇ ਮੂੰਹ ਵਿੱਚ ਹੀ ਸਨ ਕਿ ਖ਼ਾਲਸਾ ਫ਼ੌਜ ਦਾ ਹੋਰ ਕੁਝ ਸੁਣਨ ਦਾ ਸਹਾਰਾ ਮੁੱਕ ਗਿਆ ਅਤੇ ਉਨ੍ਹਾਂ ਦੀ ਸੂਰਮਤਾ ਦੇ ਜੋਸ਼ ਨੇ ਉਹ ਛੁਲੱਕਾ ਖਾਧਾ ਕਿ ਉਹ ਸਭ ਆਪੇ ਤੋਂ ਬਾਹਰ ਹੋ ਗਏ ਅਤੇ ਸ਼ਾਹਜ਼ਾਦੇ ਦੀ ਚੜ੍ਹਾਈ ਦੇ ਹੁਕਮ ਨੂੰ ਉਡੀਕਣ ਤੋਂ ਪਹਿਲਾਂ ਹੀ ਜਿਸ ਤਰ੍ਹਾਂ ਸ਼ੇਰ ਬੱਬਰ ਭੇਡਾਂ ਦੇ

(ਚਲਦਾ)

ਪੇਸ਼ਕਸ਼:
**ਹਰਦੇਵ ਬਰਾੜ**
ਮੁੱਖ ਸੰਪਾਦਕ



# ਸ਼ਾਂਤੀ ਵਾਰਤਾ ਤੋਂ ਪਹਿਲਾਂ ਰੂਸ ਦੁਆਰਾ ਯੂਕ੍ਰੇਨ 'ਤੇ ਸਭ ਤੋਂ ਛੋਟਾ ਹਮਲਾ

ਇੰਟਰਨੈਸ਼ਨਲ ਡੈਸਕ- ਰੂਸ ਨੇ ਜੰਗਬੰਦੀ 'ਤੇ ਚੱਲ ਰਹੀ ਵਾਰਤਾ ਦੌਰਾਨ ਯੂਕ੍ਰੇਨ 'ਤੇ 10 ਸ਼ਾਹੇਦ ਅਤੇ ਨਕਲੀ ਡਰੋਨ ਦਾਗੇ। ਯੂਕ੍ਰੇਨੀ ਹਵਾਈ ਸੈਨਾ ਅਨੁਸਾਰ ਇਹ ਇਸ ਸਾਲ ਦਾ ਸਭ ਤੋਂ ਛੋਟਾ ਡਰੋਨ ਹਮਲਾ ਸੀ। ਇਹ ਹਮਲਾ ਉਦੋਂ ਹੋਇਆ, ਜਦੋਂ ਦੋਵੇਂ ਦੇਸ਼ ਤੁਰਕੀ ਵਿੱਚ ਸੰਭਾਵਿਤ ਸ਼ਾਂਤੀ ਵਾਰਤਾ ਦੀ ਤਿਆਰੀ ਕਰ ਰਹੇ ਹਨ। ਇਸ ਦੌਰਾਨ ਯੂਕ੍ਰੇਨ ਦੇ ਰਾਸ਼ਟਰਪਤੀ ਵੋਲੋਦੀਮੀਰ ਜ਼ੇਲੇਂਸਕੀ ਨੇ ਇਸਤਾਂਬੁਲ ਵਿੱਚ ਆਪਣੇ ਰੂਸੀ ਹਮਰੁਤਬਾ ਵਲਾਦੀਮੀਰ ਪੁਤਿਨ ਨਾਲ ਸਿੱਧੀ ਗੱਲਬਾਤ ਦਾ ਪ੍ਰਸਤਾਵ ਰੱਖਿਆ ਹੈ, ਜਿਸ ਦਾ ਕ੍ਰੇਮਲਿਨ ਨੇ ਅਜੇ ਤੱਕ ਸਿੱਧਾ ਜਵਾਬ ਨਹੀਂ ਦਿੱਤਾ ਹੈ।



ਜ਼ੇਲੇਂਸਕੀ ਦੇ ਸਲਾਹਕਾਰ ਮਿਖਾਈਲੋ ਪੋਡੋਲਯਾਕ ਨੇ ਰੂਸੀ ਪੱਤਰਕਾਰਾਂ ਲਈ ਇੱਕ ਪ੍ਰੋਗਰਾਮ ਵਿੱਚ ਕਿਹਾ ਕਿ ਜ਼ੇਲੇਂਸਕੀ ਪੁਤਿਨ ਤੋਂ ਇਲਾਵਾ ਇਸਤਾਂਬੁਲ ਵਿੱਚ ਕਿਸੇ ਹੋਰ ਰੂਸੀ ਅਧਿਕਾਰੀ ਨੂੰ ਨਹੀਂ ਮਿਲਣਗੇ। ਉਨ੍ਹਾਂ ਕਿਹਾ ਕਿ ਹੇਠਲੇ ਪੱਧਰ 'ਤੇ ਸ਼ਾਂਤੀ ਵਾਰਤਾ ਸਿਰਫ ਸਮੇਂ ਦੀ ਬਰਬਾਦੀ ਹੋਵੇਗੀ। ਇਸ ਦੌਰਾਨ ਯੂਰਪੀਅਨ ਨੇਤਾਵਾਂ ਨੇ ਪੁਤਿਨ 'ਤੇ ਯੁੱਧ ਨੂੰ ਲੰਮਾ ਕਰਨ ਦਾ ਦੋਸ਼ ਲਗਾਇਆ ਹੈ ਤਾਂ ਜੋ ਉਹ ਆਪਣੀ ਵਿਸ਼ਾਲ ਫੌਜੀ ਤਾਕਤ ਦੀ ਵਰਤੋਂ ਕਰਕੇ ਹੋਰ ਜ਼ਮੀਨ 'ਤੇ ਕਬਜ਼ਾ ਕਰ ਸਕੇ। ਇਸ ਤੋਂ ਪਹਿਲਾਂ ਪੱਛਮੀ ਅਤੇ ਯੂਰਪੀ ਨੇਤਾਵਾਂ ਨੇ ਬਿਨਾਂ ਕਿਸੇ ਸ਼ਰਤ ਦੇ ਇੱਕ ਮਹੀਨੇ ਦੀ ਜੰਗਬੰਦੀ ਲਾਗੂ ਕਰਨ ਦੀ ਪੇਸ਼ਕਸ਼ ਕੀਤੀ ਸੀ, ਜਿਸ ਨੂੰ ਰੂਸ ਨੇ ਰੱਦ ਕਰ ਦਿੱਤਾ ਸੀ। ਕ੍ਰੇਮਲਿਨ ਦੇ ਬੁਲਾਰੇ ਦਮਿਤਰੀ ਪੇਸਕੋਵ ਨੇ ਜ਼ੋਰ ਦੇ ਕੇ ਕਿਹਾ ਕਿ ਰੂਸੀ ਵਫ਼ਦ ਬਿਨਾਂ ਕਿਸੇ ਪੂਰਵ-ਸ਼ਰਤਾਂ ਦੇ ਇਸਤਾਂਬੁਲ ਵਿੱਚ ਗੱਲਬਾਤ ਲਈ ਤਿਆਰ ਹੋਵੇਗਾ। ਅਮਰੀਕਾ ਦੋਵਾਂ ਦੇਸ਼ਾਂ 'ਤੇ ਯੁੱਧ ਖਤਮ ਕਰਨ ਲਈ ਦਬਾਅ ਪਾ ਰਿਹਾ ਹੈ। ਰੂਸ ਨੇ ਅਮਰੀਕਾ ਅਤੇ ਯੂਰਪੀ ਨੇਤਾਵਾਂ ਵੱਲੋਂ ਜੰਗਬੰਦੀ ਦੀ ਪੇਸ਼ਕਸ਼ ਨੂੰ ਠੁਕਰਾ ਦਿੱਤਾ ਪਰ ਸਿੱਧੀ ਗੱਲਬਾਤ ਦੀ ਪੇਸ਼ਕਸ਼ ਕੀਤੀ। ਪੁਤਿਨ ਨੇ ਵਾਰ-ਵਾਰ ਜ਼ੇਲੇਂਸਕੀ ਸਰਕਾਰ ਦੀ ਜਾਇਜ਼ਤਾ 'ਤੇ ਸਵਾਲ ਉਠਾਏ ਹਨ।

# ਭਾਰਤ-ਪਾਕਿਸਤਾਨ ਫੌਜੀ ਟਕਰਾਅ 'ਤੇ ਬੋਲਿਆ ਬ੍ਰਿਟੇਨ

ਲੰਡਨ (ਪੀ.ਟੀ.ਆਈ.)- ਭਾਰਤ ਅਤੇ ਪਾਕਿਸਤਾਨ ਵਿਚਾਲੇ ਜਾਰੀ ਤਣਾਅ 'ਤੇ ਅੰਤਰਰਾਸ਼ਟਰੀ ਭਾਈਚਾਰੇ ਦੀ ਕਰੀਬੀ ਨਜ਼ਰ ਹੈ। ਹਾਲ ਹੀ ਵਿਚ ਬ੍ਰਿਟਿਸ਼ ਵਿਦੇਸ਼ ਮੰਤਰੀ ਡੇਵਿਡ ਲੈਮੀ ਨੇ ਸੰਸਦ ਵਿੱਚ ਕਿਹਾ ਕਿ ਬ੍ਰਿਟੇਨ ਭਾਰਤ ਅਤੇ ਪਾਕਿਸਤਾਨ ਦੋਵਾਂ ਦੇਸ਼ਾਂ ਵਿਚਕਾਰ ਸਥਾਈ ਜੰਗਬੰਦੀ ਨੂੰ ਯਕੀਨੀ ਬਣਾਉਣ ਲਈ ਕੰਮ ਕਰਨ ਲਈ ਤਿਆਰ ਹੈ ਅਤੇ "ਅੱਤਵਾਦ" ਦਾ ਮੁਕਾਬਲਾ ਕਰਨ ਲਈ ਦੋਵਾਂ ਧਿਰਾਂ ਦੇ ਯਤਨਾਂ ਵਿੱਚ ਸਹਿਯੋਗ ਕਰਨ ਲਈ ਵੀ ਤਿਆਰ ਹੈ। ਲੈਮੀ ਨੇ ਮੰਗਲਵਾਰ ਨੂੰ ਹਾਊਸ ਆਫ਼ ਕਾਮਨਜ਼ ਵਿੱਚ ਕਸ਼ਮੀਰ 'ਤੇ ਬਹਿਸ ਦੌਰਾਨ ਕਿਹਾ ਕਿ ਉਹ ਆਪਣੇ ਭਾਰਤੀ ਅਤੇ ਪਾਕਿਸਤਾਨੀ ਹਮਰੁਤਬਾ ਨਾਲ ਨਿਯਮਤ ਸੰਪਰਕ ਵਿੱਚ ਹਨ ਤਾਂ ਜੋ ਦੋਵਾਂ ਦੇਸ਼ਾਂ ਨੂੰ ਸਿੰਧੂ ਜਲ ਸੰਧੀ ਵਰਗੇ "ਕੂਟਨੀਤਕ ਸਹਿਯੋਗ" ਪ੍ਰਤੀ ਆਪਣੀ ਵਚਨਬੱਧਤਾ ਬਣਾਈ ਰੱਖਣ ਲਈ ਉਤਸ਼ਾਹਿਤ ਕੀਤਾ ਜਾ ਸਕੇ।

ਲੈਮੀ ਨੇ ਸੰਸਦ ਮੈਂਬਰਾਂ ਨੂੰ ਕਿਹਾ, "ਯੂ.ਕੇ ਭਾਰਤ ਅਤੇ ਪਾਕਿਸਤਾਨ ਵੱਲੋਂ ਫੌਜੀ ਕਾਰਵਾਈ ਬੰਦ ਕਰਨ ਦੀਆਂ ਵਚਨਬੱਧਤਾਵਾਂ ਦਾ ਸਵਾਗਤ ਕਰਦਾ ਹੈ।" ਦੋਵਾਂ ਦੇਸ਼ਾਂ ਨਾਲ ਸਾਡੇ ਮਜ਼ਬੂਤ ਅਤੇ ਨੇੜਲੇ ਸਬੰਧਾਂ ਨੂੰ ਦੇਖਦੇ ਹੋਏ, ਯੂ.ਕੇ ਇੱਕ ਸਥਾਈ ਜੰਗਬੰਦੀ ਪ੍ਰਾਪਤ ਕਰਨ ਲਈ ਦੋਵਾਂ ਧਿਰਾਂ ਨਾਲ ਕੰਮ ਕਰਨ ਲਈ ਤਿਆਰ ਹੈ। ਮੈਂ ਇਹ ਸਪੱਸ਼ਟ ਕਰਨਾ ਚਾਹੁੰਦਾ ਹਾਂ ਕਿ ਅੱਤਵਾਦ ਦੀ ਉਹ ਕਾਰਵਾਈ ਜਿਸ ਵਿੱਚ ਅਸੀਂ 26 ਨਾਗਰਿਕਾਂ ਨੂੰ ਕੱਪੜੇ ਲੁਹਾ ਕੇ ਗੋਲੀ ਮਾਰ ਦਿੱਤੀ ਗਈ, ਬਹੁਤ ਹੀ ਭਿਆਨਕ ਸੀ ਅਤੇ ਅਸੀਂ ਇਸਦੀ ਨਿੰਦਾ ਕਰਦੇ ਹਾਂ। ਅਸੀਂ ਅੱਤਵਾਦ ਦੇ ਖ਼ਤਰੇ ਨਾਲ ਨਜਿੱਠਣ ਲਈ ਨਜ਼ਦੀਕੀ ਭਾਈਵਾਲਾਂ ਨਾਲ ਕੰਮ ਕਰਨਾ ਜਾਰੀ ਰੱਖਾਂਗੇ...."।

ਸ਼ੈਡੋ ਵਿਦੇਸ਼ ਸਕੱਤਰ ਪ੍ਰੀਤੀ ਪਟੇਲ ਨੇ "ਪਾਕਿਸਤਾਨ ਵਿੱਚ ਅੱਤਵਾਦੀ ਢਾਂਚੇ ਦੀ ਮੌਜੂਦਗੀ" ਬਾਰੇ ਬ੍ਰਿਟਿਸ਼ ਵਿਰੋਧੀ ਪਾਰਟੀ ਦੀਆਂ ਚਿੰਤਾਵਾਂ ਨੂੰ ਦੁਹਰਾਇਆ ਅਤੇ ਮੰਤਰੀ ਨੂੰ ਇਸ ਖ਼ਤਰੇ ਨਾਲ ਨਜਿੱਠਣ ਵਿੱਚ ਬ੍ਰਿਟੇਨ ਦੀ ਭੂਮਿਕਾ ਬਾਰੇ ਸਵਾਲ ਕੀਤਾ। ਪਟੇਲ ਨੇ ਪੁੱਛਿਆ,"ਪਾਕਿਸਤਾਨ ਸਰਕਾਰ ਵੱਲੋਂ ਅੱਤਵਾਦ ਦੇ ਬੁਨਿਆਦੀ ਢਾਂਚੇ ਨੂੰ ਖਤਮ ਕਰਨ ਲਈ ਕਿਹੜੀਆਂ ਚਰਚਾਵਾਂ ਹੋਈਆਂ ਅਤੇ ਪਾਕਿਸਤਾਨ ਦੇ ਅੰਦਰ ਅੱਤਵਾਦੀ ਖ਼ਤਰਿਆਂ ਨੂੰ ਖਤਮ ਕਰਨ ਵਿੱਚ ਯੂ.ਕੇ ਕੀ ਭੂਮਿਕਾ ਨਿਭਾਏਗਾ, ਕਿਉਂਕਿ ਇਸ ਨਾਲ ਖੇਤਰ ਵਿੱਚ ਸਥਿਰਤਾ ਅਤੇ ਸੁਰੱਖਿਆ ਵਿੱਚ ਸੁਧਾਰ ਹੋਵੇਗਾ।" ਇਸ 'ਤੇ ਲੈਮੀ ਨੇ ਯੂ.ਕੇ ਸਰਕਾਰ ਦੇ ਸਟੈਂਡ ਨੂੰ ਦੁਹਰਾਇਆ ਕਿ ਕਸ਼ਮੀਰ ਭਾਰਤ ਅਤੇ ਪਾਕਿਸਤਾਨ ਵਿਚਕਾਰ ਇੱਕ ਦੁਵੱਲਾ ਮੁੱਦਾ ਹੈ ਅਤੇ ਇਸਨੂੰ ਕਸ਼ਮੀਰੀ ਲੋਕਾਂ ਦੀਆਂ ਇੱਛਾਵਾਂ ਨੂੰ ਧਿਆਨ ਵਿੱਚ ਰੱਖ ਕੇ ਹੱਲ ਕੀਤਾ ਜਾਣਾ ਚਾਹੀਦਾ ਹੈ।

ਉਨ੍ਹਾਂ ਕਿਹਾ, "ਭਾਰਤ ਅਤੇ ਪਾਕਿਸਤਾਨ ਵਿਚਕਾਰ ਸਹੀ ਸੰਚਾਰ ਦੀ ਲੋੜ ਹੈ, ਨਾ ਸਿਰਫ਼ ਫੌਜੀ ਚੈਨਲਾਂ ਰਾਹੀਂ, ਸਗੋਂ ਰਾਜਨੀਤਿਕ ਚੈਨਲਾਂ ਰਾਹੀਂ ਵੀ... ਇਹ ਸੰਚਾਰ ਮਾੜੇ ਹਨ।" ਉਨ੍ਹਾਂ ਕਿਹਾ, "ਅੰਤਰਰਾਸ਼ਟਰੀ ਭਾਈਚਾਰਾ ਇਸ ਵਿੱਚ ਭੂਮਿਕਾ ਨਿਭਾ ਸਕਦਾ ਹੈ, ਖਾਸ ਕਰਕੇ ਉਹ ਦੇਸ਼ ਜਿਨ੍ਹਾਂ ਦੇ ਦੋਵਾਂ ਦੇਸ਼ਾਂ ਨਾਲ ਸਬੰਧ ਹਨ। ਇਸੇ ਲਈ ਅਸੀਂ ਅਮਰੀਕਾ ਨਾਲ ਗੱਲ ਕਰ ਰਹੇ ਹਾਂ, ਅਸੀਂ ਸਾਊਦੀ ਅਰਬ ਨਾਲ ਗੱਲ ਕਰ ਰਹੇ ਹਾਂ ਅਤੇ ਇਸੇ ਲਈ ਅਸੀਂ ਯੂ.ਏ.ਈ ਨਾਲ ਮਿਲ ਕੇ ਕੰਮ ਕਰ ਰਹੇ ਹਾਂ। ''







# ਟੇਢੀ ਗਰਦਨ

ਇੱਕ ਵਾਰ ਅਕਬਰ ਕਿਸੇ ਗੱਲ ਤੇ ਬੀਰਬਲ ਦੀ ਚਤੁਰਾਈ ਨਾਲ ਪ੍ਰਸੰਨ ਹੋ ਗਏ। ਉਹਨਾਂ ਨੇ ਬੀਰਬਲ ਨੂੰ ਸੌ ਏਕੜ ਜਮੀਨ ਤੋਹਫ਼ੇ ਵਜੋਂ ਦੇਣ ਦਾ ਵਚਨ ਕੀਤਾ।

ਬੀਰਬਲ ਬਹੁਤ ਖੁਸ਼ ਹੋਏ। ਪ੍ਰੰਤੂ ਬਹੁਤ ਦਿਨ ਲੰਘਣ ਦੇ ਬਾਦ ਵੀ ਉਹਨਾਂ ਆਪਣਾਂ ਵਚਨ ਨਹੀਂ ਨਿਭਾਇਆ। ਬੀਰਬਲ ਕਈ ਮੌਕਿਆਂ ਤੇ ਇਸ ਗੱਲ ਦੀ ਯਾਦ ਦਿਵਾਉਣ ਦੀ ਕੋਸ਼ਿਸ਼ ਕਰਦਾ ਰਿਹਾ, ਪਰ ਬਾਦਸ਼ਾਹ ਹਰ ਵਾਰ ਉਸਦੀ ਗੱਲ ਸੁਣੀਂ-ਅਣਸੁਣੀਂ ਕਰ ਦਿੰਦੇ ਜਾਂ ਗਰਦਨ ਘੁਮਾਕੇ ਦੂਜੇ ਪਾਸੇ ਵੇਖਣ ਲੱਗਦੇ। ਬੀਰਬਲ ਸਮਝ ਗਏ ਕਿ ਸਹਿਨਸ਼ਾਹ ਆਪਣਾ ਵਾਅਦਾ ਪੂਰਾ ਨਹੀਂ ਕਰਨਾ ਚਾਹੁੰਦੇ, ਪਰ ਉਹ ਵੀ ਹਾਰ ਮੰਨਣ ਵਾਲੇ ਨਹੀਂ ਸਨ। ਉਹ ਕਿਸੇ ਢੁੱਕਵੇਂ ਮੌਕੇ ਦੀ ਉਡੀਕ ਕਰਨ ਲੱਗੇ।

ਇੱਕ ਸ਼ਾਮੀਂ ਅਕਬਰ ਤੇ ਬੀਰਬਲ ਘੁੰਮਣ ਨਿੱਕਲੇ। ਸਾਹਮਣੇ ਵੱਲੋਂ ਇੱਕ ਊਠ (ਬੋਤਾ) ਆ ਰਿਹਾ ਸੀ। ਬੋਤੇ ਨੂੰ ਵੇਖਕੇ ਅਕਬਰ ਨੇ ਪੁੱਛਿਆ, "ਬੀਰਬਲ ਇਸ ਬੋਤੇ ਦੀ ਗਰਕਨ ਕਿਉਂ ਟੇਢੀ ਹੈ ?" ਬੀਰਬਲ ਨੇ ਇਸ ਮੌਕੇ ਨੂੰ ਭਾਂਪ ਲਿਆ ਕਿ ਸੌ ਏਕੜ ਜ਼ਮੀਨ ਚੁੱਕਣ ਦਾ ਇਹ ਮੌਕਾ ਹੈ। ਉਹ ਬੋਲੇ, "ਜਹਾਂਪਨਾਹ, ਸ਼ਾਇਦ ਇਹ ਬੋਤਾ ਕਿਸੇ ਨੂੰ ਵਚਨ ਦੇਕੇ ਭੁੱਲ ਗਿਆ ਹੈ। ਧਾਰਮਕ ਗ੍ਰੰਥਾਂ ਵਿੱਚ ਲਿਖਿਆ ਹੈ ਕਿ ਜਿਹੜੇ ਆਪਣਾ ਵਚਨ ਤੋੜਦੇ ਹਨ, ਉਹਨਾਂ ਦੀ ਧੌਣ (ਗਰਦਨ) ਟੇਢੀ ਹੋ ਜਾਂਦੀ ਹੈ। ਸ਼ਾਇਦ ਏਸੇ ਹੀ ਕਾਰਣ ਬੋਤੇ ਦੀ ਗਰਦਨ ਟੇਢੀ ਹੋ ਗਈ ਹੈ।"



ਅਕਬਰ ਨੂੰ ਵੀ ਬੀਰਬਲ ਨੂੰ ਆਪਣਾ ਦਿੱਤਾ ਹੋਇਆ ਵਚਨ ਯਾਦ ਆ ਗਿਆ। ਫੌਰਨ ਮਹਿਲਾਂ ਵਿੱਚ ਪਹੁੰਚਕੇ, ਉਹਨਾਂ ਨੇ ਬੀਰਬਲ ਨੂੰ ਉਹਨਾਂ ਦੇ ਇਨਾਮ ਦੀ ਬਣਦੀ ਜ਼ਮੀਨ ਦੇ ਦਿੱਤੀ।

ਸਿੱਖਿਆ : ਬੀਰਬਲ ਆਪਣੀ ਗੱਲ ਨੂੰ ਇਸ ਤਰ੍ਹਾਂ ਪੇਸ਼ ਕਰਦੇ ਸਨ ਕਿ ਸਾਹਮਣੇ ਵਾਲੇ ਨੂੰ ਮਹਿਸੂਸ ਵੀ ਨਾ ਹੋਵੇ। ਏਸੇ ਤਰ੍ਹਾਂ ਸਾਨੂੰ ਵੀ ਇਹ ਕਲਾ ਸਿੱਖਣੀ ਚਾਹੀਦੀ ਹੈ ਕਿ ਲੋਕ ਸਾਡੇ ਵਿਚਾਰਾਂ ਨੂੰ ਆਪਣਾ ਸਮਝਣ ਤਾਂ ਕਿ ਉਸ ਬਾਰੇ ਵੱਧ ਉਤਸ਼ਾਹ ਨਾਲ ਕੰਮ ਕਰਨ।

ਨਾਲ ਹੀ ਆਪਣੇ ਕੀਤੇ ਵਾਅਦੇ ਨੂੰ ਪੂਰਾ ਕਰਨਾ ਵੀ ਸਾਡੇ ਚਰਿੱਤਰ ਨੂੰ ਨਿਖਾਰਦਾ ਹੈ। ਜਿਹੜੇ ਆਪਣੇ ਵਾਅਦਿਆਂ ਦੀ ਅਣਦੇਖੀ ਕਰਦੇ ਹਨ, ਉਹ ਖ਼ੁਦ ਹੀ ਆਪਣੇ ਚਰਿੱਤਰ ਨੂੰ ਨਿਘਾਰ ਲੈਂਦੇ ਹਨ ਅਤੇ ਇਸ ਤਰ੍ਹਾਂ ਆਪਣੇ ਨੇੜੇ-ਤੇੜੇ ਦੇ ਚੰਗੇ ਚਰਿੱਤਰ ਵਾਲੇ ਵਿਅੱਕਤੀ ਦੂਜਿਆਂ ਦੀਆਂ ਨਜ਼ਰਾਂ ਵਿੱਚ ਉਪਰ ਉਛਣ ਲੱਗਦੇ ਹਨ।





GTB
Horticulture Ltd
Our Commitment - Your Relief



ਫਾਰਮ ਵਿੱਚ ਕੰਮ ਕਰਨ ਲਈ
ਵਰਕਰਾਂ ਦੀ ਜ਼ਰੂਰਤ ਹੈ
ਵਧੀਆ ਤਨਖਾਹ ਦਿੱਤੀ ਜਾਵੇਗੀ।

Pickup & Drop Off Available

Manpreet Singh Dhaliwal
021 147 1502

Manpreet Singh Batth
020 4057 2327

Email: gtb.horticulture@gmail.com








# ਭਾਰਤੀ ਮੂਲ ਦੀ ਅਨੀਤਾ ਆਨੰਦ ਬਣੀ ਕੈਨੇਡਾ ਦੀ ਨਵੀਂ ਵਿਦੇਸ਼ ਮੰਤਰੀ

ਇੰਟਰਨੈਸ਼ਨਲ ਡੈਸਕ : ਕੈਨੇਡੀਅਨ ਪ੍ਰਧਾਨ ਮੰਤਰੀ ਮਾਰਕ ਕਾਰਨੀ ਨੇ ਮੰਤਰੀ ਮੰਡਲ ਵਿੱਚ ਵੱਡਾ ਫੇਰਬਦਲ ਕੀਤਾ ਹੈ। ਉਨ੍ਹਾਂ ਨੇ ਭਾਰਤੀ ਮੂਲ ਦੀ ਅਨੀਤਾ ਆਨੰਦ ਨੂੰ ਵਿਦੇਸ਼ ਮੰਤਰੀ ਨਿਯੁਕਤ ਕੀਤਾ ਹੈ। ਅਨੀਤਾ ਸਾਬਕਾ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਸਰਕਾਰ ਵਿੱਚ ਕੈਬਨਿਟ ਮੰਤਰੀ ਵੀ ਰਹਿ ਚੁੱਕੀ ਹੈ। ਅਨੀਤਾ ਆਨੰਦ ਨੇ ਪਵਿੱਤਰ ਹਿੰਦੂ ਧਰਮ ਗ੍ਰੰਥ ਗੀਤਾ ‘ਤੇ ਹੱਥ ਰੱਖ ਕੇ ਅਹੁਦੇ ਅਤੇ ਗੁਪਤਤਾ ਦੀ ਸਹੁੰ ਚੁੱਕੀ। ਉਨ੍ਹਾਂ ਕਿਹਾ ਕਿ ਮੈਨੂੰ ਕੈਨੇਡਾ ਦੀ ਵਿਦੇਸ਼ ਮੰਤਰੀ ਵਜੋਂ ਚੁਣੇ ਜਾਣ ‘ਤੇ ਮਾਣ ਮਹਿਸੂਸ ਹੋ ਰਿਹਾ ਹੈ। ਮੈਨੂੰ ਇੱਕ ਬਿਹਤਰ ਅਤੇ ਸੁਰੱਖਿਅਤ ਦੁਨੀਆ ਬਣਾਉਣ ਲਈ ਪ੍ਰਧਾਨ ਮੰਤਰੀ ਮਾਰਕ ਕਾਰਨੀ ਅਤੇ ਸਾਡੀ ਟੀਮ ਨਾਲ ਮਿਲ ਕੇ ਕੰਮ ਕਰਨ ਦੀ ਉਮੀਦ ਹੈ।

ਮੈਨੂੰ ਕੈਨੇਡਾ ਦਾ ਵਿਦੇਸ਼ ਮੰਤਰੀ ਨਿਯੁਕਤ ਕੀਤੇ ਜਾਣ ‘ਤੇ ਮਾਣ ਮਹਿਸੂਸ ਹੋ ਰਿਹਾ ਹੈ। ਮੈਨੂੰ ਪ੍ਰਧਾਨ ਮੰਤਰੀ ਮਾਰਕ ਕਾਰਨੀ ਅਤੇ ਸਾਡੀ ਟੀਮ ਨਾਲ ਕੰਮ ਕਰਨ ਦੀ ਉਮੀਦ ਹੈ ਤਾਂ ਜੋ ਇੱਕ ਸੁਰੱਖਿਅਤ, ਨਿਰਪੱਖ ਦੁਨੀਆ ਬਣਾਈ ਜਾ ਸਕੇ ਅਤੇ ਕੈਨੇਡੀਅਨਾਂ ਲਈ ਸੇਵਾਵਾਂ ਪ੍ਰਦਾਨ ਕੀਤੀਆਂ ਜਾ ਸਕਣ। ਦੱਸਣਯੋਗ ਹੈ ਕਿ ਉਨ੍ਹਾਂ ਨੂੰ ਮੇਲੋਨੀ ਜੋਲੀ ਦੀ ਜਗ੍ਹਾ ਵਿਦੇਸ਼ ਮੰਤਰੀ ਬਣਾਇਆ ਗਿਆ ਹੈ। ਜੋਲੀ ਨੂੰ ਉਦਯੋਗ ਮੰਤਰੀ ਨਿਯੁਕਤ ਕੀਤਾ ਗਿਆ ਹੈ। ਕਾਰਨੀ ਦੇ ਮੰਤਰੀ ਮੰਡਲ ਦੇ ਅੱਧੇ ਮੈਂਬਰ ਔਰਤਾਂ ਹਨ। ਪੀਐੱਮ ਕਾਰਨੀ ਨੇ ਕਿਹਾ ਕਿ ਉਨ੍ਹਾਂ ਦਾ ਮੰਤਰੀ ਮੰਡਲ ਕੈਨੇਡਾ ਦੇ ਲੋਕਾਂ ਦੀਆਂ ਇੱਛਾਵਾਂ ਅਤੇ ਜ਼ਰੂਰਤਾਂ ਅਨੁਸਾਰ ਬਦਲਾਅ ਲਿਆਉਣ ਲਈ ਕੰਮ ਕਰੇਗਾ।

**ਅਨੀਤਾ ਦਾ ਭਾਰਤ ਨਾਲ ਕੀ ਹੈ ਕਨੈਕਸ਼ਨ?**

ਅਨੀਤਾ ਆਨੰਦ ਭਾਰਤੀ ਮੂਲ ਦੀ ਹੈ। ਉਸਦੇ ਪਿਤਾ ਤਾਮਿਲਨਾਡੂ ਤੋਂ ਹਨ ਜਦੋਂਕਿ ਉਸਦੀ ਮਾਂ ਪੰਜਾਬ ਤੋਂ ਹੈ। ਪਰ ਬਾਅਦ ਵਿੱਚ ਉਸਦੇ ਮਾਪੇ ਕੈਨੇਡਾ ਚਲੇ ਗਏ ਅਤੇ ਉਥੇ ਸੈਟਲ ਹੋ ਗਏ। ਉਨ੍ਹਾਂ ਨੇ ਗੀਤਾ ‘ਤੇ ਹੱਥ ਰੱਖ ਕੇ ਵਿਦੇਸ਼ ਮੰਤਰੀ ਵਜੋਂ ਸਹੁੰ ਚੁੱਕੀ। ਉਹ ਟਰੂਡੋ ਸਰਕਾਰ ਵਿੱਚ ਟਰਾਂਸਪੋਰਟ ਅਤੇ ਵਪਾਰ ਮੰਤਰੀ ਵੀ ਰਹਿ ਚੁੱਕੀ ਹੈ। ਅਨੀਤਾ ਦਾ



ਜਨਮ 1967 ਵਿੱਚ ਨੋਵਾ ਸਕੋਟੀਆ ਵਿੱਚ ਹੋਇਆ ਸੀ। ਉਸਦੇ ਮਾਤਾ-ਪਿਤਾ ਦੋਵੇਂ ਡਾਕਟਰ ਹਨ। ਅਨੀਤਾ ਟੋਰਾਂਟੋ ਯੂਨੀਵਰਸਿਟੀ ਵਿੱਚ ਕਾਨੂੰਨ ਦੀ ਪ੍ਰੋਫੈਸਰ ਵੀ ਰਹਿ ਚੁੱਕੀ ਹੈ। ਉਹ ਪਹਿਲੀ ਵਾਰ 2019 ਵਿੱਚ ਓਕਵਿਲ ਤੋਂ ਸੰਸਦ ਮੈਂਬਰ ਚੁਣੀ ਗਈ ਸੀ।

ਉਹ 2021 ਤੋਂ 2023 ਤੱਕ ਰੱਖਿਆ ਮੰਤਰੀ ਅਤੇ 2023 ਤੋਂ 2024 ਤੱਕ ਖਜ਼ਾਨਾ ਬੋਰਡ ਦੀ ਪ੍ਰਧਾਨ ਵਜੋਂ ਸੇਵਾ ਨਿਭਾਏਗੀ। ਉਸਨੇ 2025 ਦੀਆਂ ਚੋਣਾਂ ਵਿੱਚ ਆਪਣੀ ਸੀਟ ਬਰਕਰਾਰ ਰੱਖੀ ਅਤੇ ਮਾਰਕ ਕਾਰਨੀ ਦੀ ਘੱਟ ਗਿਣਤੀ ਸਰਕਾਰ ਵਿੱਚ ਕੈਬਨਿਟ ਮੰਤਰੀ ਬਣ ਗਈ। ਰਾਜਨੀਤੀ ਵਿੱਚ ਆਉਣ ਤੋਂ ਪਹਿਲਾਂ ਉਹ ਪੇਸ਼ੇ ਤੋਂ ਵਕੀਲ ਅਤੇ ਪ੍ਰੋਫੈਸਰ ਸੀ।

ਅਨੀਤਾ ਨੇ ਵਾਰ-ਵਾਰ ਆਪਣੀ ਭਾਰਤੀ ਵਿਰਾਸਤ ਨੂੰ ਸਵੀਕਾਰ ਕੀਤਾ ਹੈ। ਉਨ੍ਹਾਂ ਨੇ ਪ੍ਰਵਾਸੀ ਭਾਰਤੀ ਦਿਵਸ ਅਤੇ ਗਣਤੰਤਰ ਦਿਵਸ ਵਰਗੇ ਮੌਕਿਆਂ ‘ਤੇ ਭਾਰਤ ਨਾਲ ਆਪਣੇ ਸਬੰਧਾਂ ਨੂੰ ਉਜਾਗਰ ਕੀਤਾ ਹੈ। ਕੈਨੇਡਾ ਦੇ ਰੱਖਿਆ ਮੰਤਰੀ ਹੋਣ ਦੇ ਨਾਤੇ ਉਨ੍ਹਾਂ ਨੇ ਭਾਰਤ-ਕੈਨੇਡਾ ਰੱਖਿਆ ਸਹਿਯੋਗ ਨੂੰ ਮਜ਼ਬੂਤ ਕਰਨ ਲਈ ਕੰਮ ਕੀਤਾ।

ਦੱਸਣਯੋਗ ਹੈ ਕਿ ਹਾਲ ਹੀ ਵਿੱਚ ਹੋਈਆਂ ਆਮ ਚੋਣਾਂ ਵਿੱਚ ਮਾਰਕ ਕਾਰਨੀ ਦੀ ਅਗਵਾਈ ਵਿੱਚ ਲਿਬਰਲ ਪਾਰਟੀ ਨੇ 343 ਵਿੱਚੋਂ 169 ਸੀਟਾਂ ਜਿੱਤੀਆਂ ਸਨ। ਹਾਲਾਂਕਿ, ਲਿਬਰਲ ਪਾਰਟੀ 172 ਦੇ ਬਹੁਮਤ ਤੋਂ ਤਿੰਨ ਸੀਟਾਂ ਪਿੱਛੇ ਰਹਿ ਗਈ। ਪਰ ਇਸ ਦੇ ਬਾਵਜੂਦ ਪਾਰਟੀ ਨੇ ਸਰਕਾਰ ਬਣਾਈ। ਇਹ ਕੈਨੇਡਾ ਵਿੱਚ ਚੌਥੀ ਲਿਬਰਲ ਪਾਰਟੀ ਦੀ ਸਰਕਾਰ ਹੈ।

# ਅਮਰੀਕਾ-ਸਾਊਦੀ ਅਰਬ ਨੇ 142 ਬਿਲੀਅਨ ਡਾਲਰ ਦੇ ਰੱਖਿਆ ਸਮਝੌਤੇ ‘ਤੇ ਕੀਤੇ ਦਸਤਖਤ



ਇੰਟਰਨੈਸ਼ਨਲ ਡੈਸਕ: ਸਾਬਕਾ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਆਪਣੇ ਮੱਧ ਪੂਰਬ ਦੇ ਕੂਟਨੀਤਕ ਦੌਰੇ ਦੀ ਸ਼ੁਰੂਆਤ ਸਾਊਦੀ ਅਰਬ ਤੋਂ ਕੀਤੀ। ਜਿਵੇਂ ਹੀ ਉਹ ਰਿਆਧ ਪਹੁੰਚੇ, ਉਨ੍ਹਾਂ ਨੇ ਕ੍ਰਾਊਨ ਪ੍ਰਿੰਸ ਮੁਹੰਮਦ ਬਿਨ ਸਲਮਾਨ ਨਾਲ ਇੱਕ ਇਤਿਹਾਸਕ ਰੱਖਿਆ ਸਮਝੌਤੇ ‘ਤੇ ਦਸਤਖਤ ਕੀਤੇ। ਇਹ ਸੌਦਾ ਲਗਭਗ 142 ਬਿਲੀਅਨ ਡਾਲਰ (ਲਗਭਗ £107 ਬਿਲੀਅਨ) ਦਾ ਹੈ। ਇਹ ਹੁਣ ਤੱਕ ਦਾ ਦੁਨੀਆ ਦਾ ਸਭ ਤੋਂ ਵੱਡਾ ਹਥਿਆਰ ਸੌਦਾ ਮੰਨਿਆ ਜਾ ਰਿਹਾ ਹੈ।

**ਇਸ ਡੀਲ ਵਿੱਚ ਕੀ ਖਾਸ ਹੈ?**

ਇਸ ਰੱਖਿਆ ਸੌਦੇ ਦੇ ਤਹਿਤ, ਅਮਰੀਕਾ ਸਾਊਦੀ ਅਰਬ ਨੂੰ ਅਤਿ-ਆਧੁਨਿਕ ਫੌਜੀ ਉਪਕਰਣ ਅਤੇ ਸੇਵਾਵਾਂ ਪ੍ਰਦਾਨ ਕਰੇਗਾ। ਇੱਕ ਦਰਜਨ ਤੋਂ ਵੱਧ ਅਮਰੀਕੀ ਰੱਖਿਆ ਕੰਪਨੀਆਂ ਸਾਊਦੀ ਅਰਬ ਨੂੰ ਇਹ ਉਪਕਰਣ ਸਪਲਾਈ ਕਰਨਗੀਆਂ। ਇਸ ਵਿੱਚ ਮਿਜ਼ਾਈਲ ਸਿਸਟਮ, ਰਾਡਾਰ, ਲੜਾਕੂ ਹੈਲੀਕਾਪਟਰ, ਟੈਂਕ ਅਤੇ ਸਾਈਬਰ ਰੱਖਿਆ ਤਕਨਾਲੋਜੀ ਵਰਗੀਆਂ ਉੱਚ-ਤਕਨੀਕੀ ਫੌਜੀ ਸੇਵਾਵਾਂ ਸ਼ਾਮਲ ਹੋਣਗੀਆਂ।

**ਵ੍ਹਾਈਟ ਹਾਊਸ ਕੀ ਕਹਿੰਦਾ ਹੈ**

ਵ੍ਹਾਈਟ ਹਾਊਸ ਨੇ ਇਸ ਸੌਦੇ ਨੂੰ “ਇਤਿਹਾਸ ਦਾ ਸਭ ਤੋਂ ਵੱਡਾ ਰੱਖਿਆ ਵਿਕਰੀ ਸਮਝੌਤਾ” ਦੱਸਿਆ ਹੈ। ਅਮਰੀਕੀ ਪ੍ਰਸ਼ਾਸਨ ਦਾ ਮੰਨਣਾ ਹੈ ਕਿ ਇਸ ਨਾਲ ਦੋਵਾਂ ਦੇਸ਼ਾਂ ਵਿਚਕਾਰ ਰਣਨੀਤਕ ਭਾਈਵਾਲੀ ਹੋਰ ਮਜ਼ਬੂਤ ਹੋਵੇਗੀ ਅਤੇ ਖਾੜੀ ਖੇਤਰ ਵਿੱਚ ਅਮਰੀਕੀ ਪ੍ਰਭਾਵ ਵਧੇਗਾ। ਇਸ ਸਮਝੌਤੇ ਤੋਂ ਅਮਰੀਕਾ ਨੂੰ ਵੀ ਵੱਡੇ ਨਿਵੇਸ਼ ਅਤੇ ਰੁਜ਼ਗਾਰ ਦੇ ਮੌਕੇ ਮਿਲਣ ਦੀ ਉਮੀਦ ਹੈ।

**ਦੌਰੇ ਦਾ ਹਿੱਸਾ ਰਹੇ ਐਲੋਨ ਮਸਕ ਅਤੇ ਉਦਯੋਗ ਦੇ ਦਿੱਗਜ**

ਟਰੰਪ ਦੀ ਰਿਆਧ ਫੇਰੀ ਦੌਰਾਨ, ਇੱਕ ਸ਼ਾਨਦਾਰ ਲੰਚ ਵੀ ਦਿੱਤਾ ਗਿਆ ਸੀ ਜਿਸ ਵਿੱਚ ਟੇਸਲਾ ਅਤੇ ਸਪੇਸਐਕਸ ਦੇ ਮੁਖੀ ਐਲੋਨ ਮਸਕ ਸਮੇਤ ਕਈ ਅੰਤਰਰਾਸ਼ਟਰੀ ਵਪਾਰਕ ਨੇਤਾਵਾਂ ਨੇ ਸ਼ਿਰਕਤ ਕੀਤੀ। ਇਸ ਦੌਰਾਨ ਅਮਰੀਕੀ ਕੰਪਨੀਆਂ ਅਤੇ ਸਾਊਦੀ ਅਰਬ ਵਿਚਕਾਰ ਵੱਖ-ਵੱਖ ਖੇਤਰਾਂ ਵਿੱਚ ਨਿਵੇਸ਼ ਅਤੇ ਸਹਿਯੋਗ ਬਾਰੇ ਚਰਚਾ ਹੋਈ।

ਸਾਊਦੀ ਅਰਬ ਤੋਂ ਇਲਾਵਾ, ਟਰੰਪ ਇਸ ਦੌਰੇ ਦੌਰਾਨ ਕਤਰ ਅਤੇ ਸੰਯੁਕਤ ਅਰਬ ਅਮੀਰਾਤ (ਯੂਏਈ) ਦਾ ਵੀ ਦੌਰਾ ਕਰਨਗੇ। ਇਸ ਚਾਰ ਦਿਨਾਂ ਦੌਰੇ ਦੌਰਾਨ ਉਨ੍ਹਾਂ ਦਾ ਉਦੇਸ਼ ਅਮਰੀਕਾ ਵਿੱਚ ਸੈਂਕੜੇ ਅਰਬ ਡਾਲਰ ਦਾ ਨਿਵੇਸ਼ ਆਕਰਸ਼ਿਤ ਕਰਨਾ ਹੈ ਤਾਂ ਜੋ ਦੇਸ਼ ਦੀ ਆਰਥਿਕਤਾ ਅਤੇ ਨੌਕਰੀਆਂ ਵਿੱਚ ਵਾਧਾ ਕੀਤਾ ਜਾ ਸਕੇ।

**ਇਜ਼ਰਾਈਲ ਦੌਰੇ ਬਾਰੇ ਸਵਾਲ**

ਦਿਲਚਸਪ ਗੱਲ ਇਹ ਹੈ ਕਿ ਟਰੰਪ ਦੇ ਦੌਰੇ ਵਿੱਚ ਇਜ਼ਰਾਈਲ ਸ਼ਾਮਲ ਨਹੀਂ ਹੈ। ਸਾਡੇ ਉੱਤਰੀ ਅਮਰੀਕਾ ਦੇ ਪੱਤਰਕਾਰ ਐਂਥਨੀ ਜ਼ੁਰਚਰ ਦੇ ਅਨੁਸਾਰ, ਇਹ ਇੱਕ ਰਣਨੀਤਕ ਸੰਕੇਤ ਵੀ ਹੋ ਸਕਦਾ ਹੈ, ਕਿਉਂਕਿ ਅਮਰੀਕਾ ਇਸ ਸਮੇਂ ਖਾੜੀ ਦੇਸ਼ਾਂ ਨਾਲ ਰੱਖਿਆ ਅਤੇ ਵਪਾਰਕ ਸਬੰਧਾਂ ਨੂੰ ਵਧੇਰੇ ਤਰਜੀਹ ਦਿੰਦਾ ਜਾਪਦਾ ਹੈ।

# ਭਾਰਤ ਦਾ ਅਮਰੀਕਾ ਨੂੰ ਮੂੰਹ ਤੋੜ ਜਵਾਬ, 29 ਉਤਪਾਦਾਂ ‘ਤੇ ਲਗਾਏਗਾ ਟੈਰਿਫ

ਅਮਰੀਕਾ ਵੱਲੋਂ ਭਾਰਤੀ ਸਟੀਲ ਅਤੇ ਐਲੂਮੀਨੀਅਮ ‘ਤੇ ਟੈਰਿਫ ਲਗਾਉਣ ਤੋਂ ਬਾਅਦ, ਭਾਰਤ ਨੇ ਵਿਸ਼ਵ ਵਪਾਰ ਸੰਗਠਨ (WTO) ਵਿੱਚ ਸਖ਼ਤ ਰੁਖ਼ ਅਪਣਾਇਆ ਹੈ। ਅਮਰੀਕਾ ਨੇ ਸਟੀਲ ‘ਤੇ 25% ਅਤੇ ਐਲੂਮੀਨੀਅਮ ‘ਤੇ 10% ਆਯਾਤ ਡਿਊਟੀ ਲਗਾਈ ਹੈ, ਜਿਸ ਨੂੰ ਭਾਰਤ ਨੇ ਏਠੋਂ ਨਿਯਮਾਂ ਦੇ ਵਿਰੁੱਧ ਦੱਸਿਆ ਹੈ। ਜਵਾਬੀ ਕਦਮ ਚੁੱਕਦੇ ਹੋਏ, ਭਾਰਤ ਨੇ ਅਮਰੀਕਾ ਤੋਂ ਆਉਣ ਵਾਲੇ 29 ਉਤਪਾਦਾਂ ‘ਤੇ ਵਾਧੂ ਟੈਰਿਫ ਲਗਾਉਣ ਦਾ ਪ੍ਰਸਤਾਵ ਰੱਖਿਆ ਹੈ।




ਭਾਰਤ ਨੇ ਇਸ ਪ੍ਰਸਤਾਵ ਵਿੱਚ ਜਿਨ੍ਹਾਂ ਉਤਪਾਦਾਂ ਨੂੰ ਸ਼ਾਮਲ ਕੀਤਾ ਹੈ, ਉਨ੍ਹਾਂ ਵਿੱਚ ਸੇਬ, ਬਦਾਮ, ਨਾਸ਼ਪਾਤੀ, ਬੋਰਿਕ ਐਸਿਡ, ਐਂਟੀ-ਫ੍ਰੀਜ਼ਿੰਗ ਉਤਪਾਦ ਅਤੇ ਲੋਹੇ-ਸਟੀਲ ਤੋਂ ਬਣੇ ਸਮਾਨ ਸ਼ਾਮਲ ਹਨ। ਭਾਰਤ ਦਾ ਕਹਿਣਾ ਹੈ ਕਿ ਇਨ੍ਹਾਂ ਅਮਰੀਕੀ ਟੈਰਿਫਾਂ ਕਾਰਨ ਉਸਨੂੰ ਲਗਭਗ 1.91 ਬਿਲੀਅਨ ਡਾਲਰ ਦਾ ਨੁਕਸਾਨ ਹੋਵੇਗਾ, ਕਿਉਂਕਿ ਇਸ ਨਾਲ 7.6 ਬਿਲੀਅਨ ਡਾਲਰ ਦੇ ਆਯਾਤ ਪ੍ਰਭਾਵਿਤ ਹੋ ਸਕਦੇ ਹਨ।

ਭਾਰਤ ਦਾ ਦੋਸ਼ ਹੈ ਕਿ ਅਮਰੀਕਾ ਨੇ ਟੈਰਿਫ ਲਗਾਉਣ ਤੋਂ ਪਹਿਲਾਂ WTO ਨੂੰ ਸੂਚਿਤ ਨਹੀਂ ਕੀਤਾ ਜਾਂ ਭਾਰਤ ਨਾਲ ਸਲਾਹ ਨਹੀਂ ਕੀਤੀ, ਜੋ ਕਿ WTO ਨਿਯਮਾਂ (GATT 1994 ਅਤੇ AoS ਸਮਝੌਤਾ) ਦੀ ਉਲੰਘਣਾ ਹੈ। ਭਾਰਤ ਨੇ ਕਿਹਾ ਹੈ ਕਿ ਉਸਨੂੰ ਵੀ ਨਿਯਮਾਂ ਦੇ ਤਹਿਤ ਜਵਾਬੀ ਟੈਰਿਫ ਲਗਾਉਣ ਦਾ ਪੂਰਾ ਅਧਿਕਾਰ ਹੈ।

ਭਾਰਤ ਨੇ WTO ਨੂੰ ਸੂਚਿਤ ਕੀਤਾ ਹੈ ਕਿ ਉਹ 30 ਦਿਨਾਂ ਦੇ ਅੰਦਰ ਇਹ ਟੈਰਿਫ ਲਗਾ ਸਕਦਾ ਹੈ, ਅਤੇ ਲੋੜ ਪੈਣ ‘ਤੇ ਦਰਾਂ ਜਾਂ ਉਤਪਾਦਾਂ ਦੀ ਸੂਚੀ ਨੂੰ ਬਦਲ ਸਕਦਾ ਹੈ।

ਭਾਰਤ ਦੇ ਇਸ ਫੈਸਲੇ ਨੂੰ ਵਪਾਰ ਸੰਤੁਲਨ ਬਣਾਈ ਰੱਖਣ ਅਤੇ ਆਪਣੇ ਆਰਥਿਕ ਹਿੱਤਾਂ ਦੀ ਰੱਖਿਆ ਦੇ ਤਰੀਕੇ ਵਜੋਂ ਦੇਖਿਆ ਜਾ ਰਿਹਾ ਹੈ। ਇਸ ਕਦਮ ਰਾਹੀਂ, ਭਾਰਤ ਨਾ ਸਿਰਫ਼ ਆਰਥਿਕ ਦਬਾਅ ਦਾ ਜਵਾਬ ਦੇ ਰਿਹਾ ਹੈ, ਸਗੋਂ ਅੰਤਰਰਾਸ਼ਟਰੀ ਪਲੇਟਫਾਰਮ ‘ਤੇ ਆਪਣੀ ਸਥਿਤੀ ਨੂੰ ਮਜ਼ਬੂਤੀ ਨਾਲ ਕਾਇਮ ਰੱਖ ਰਿਹਾ ਹੈ।

ਭਾਰਤ ਅਤੇ ਅਮਰੀਕਾ ਇਸ ਸਮੇਂ ਇੱਕ ਦੁਵੱਲੇ ਵਪਾਰ ਸਮਝੌਤੇ ‘ਤੇ ਗੱਲਬਾਤ ਕਰ ਰਹੇ ਹਨ। ਦੋਵੇਂ ਦੇਸ਼ 2030 ਤੱਕ ਆਪਸੀ ਵਪਾਰ ਨੂੰ 500 ਬਿਲੀਅਨ ਡਾਲਰ ਤੱਕ ਵਧਾਉਣ ਦਾ ਟੀਚਾ ਰੱਖ ਰਹੇ ਹਨ। ਹਾਲਾਂਕਿ, ਅਮਰੀਕਾ ਨੇ ਹਾਲ ਹੀ ਵਿੱਚ ਭਾਰਤ ਸਮੇਤ ਕਈ ਦੇਸ਼ਾਂ ‘ਤੇ 10% ਦਾ ਵਾਧੂ ਟੈਕਸ ਲਗਾਇਆ ਹੈ, ਜਿਸ ਨੂੰ ਇਸ ਸਮੇਂ 9 ਜੁਲਾਈ ਤੱਕ ਮੁਲਤਵੀ ਕਰ ਦਿੱਤਾ ਗਿਆ ਹੈ।







# ਦਿਲ ਸਬੰਧੀ ਸਮੱਸਿਆਵਾਂ



1. ਦਿਲ ਦੇ ਦੌਰੇ ਤੋਂ ਬਚਣ ਲਈ ਐਸਪਰੀਨ ਦੀ ਇਕ ਚੌਥਾਈ ਗੋਲ਼ੀ ਲਵੋ। ਡਾਕਟਰ ਦੀ ਸਲਾਹ, ਨਿਗਰਾਨੀ ਵਿਚ।

2. ਚਾਹ ਦਾ ਅੱਧਾ ਚਮਚਾ ਲਸ਼ਣ ਪਾਊਡਰ ਪ੍ਰਤੀ ਦਿਨ ਲਵੋ।

3. ਇਕ ਚੌਥਾਈ ਹਿੰਗ ਇਕ ਕਿਸਮਿਸ ਦੇ ਨਾਲ ਰੋਜ਼ਾਨਾ ਖਾਵੋ।

4. ਜੇਕਰ ਤੁਹਾਨੂੰ ਦਿਲ ਦੇ ਦਰਦ ਦੀ ਸ਼ਿਕਾਇਤ ਹੈ ਤਾਂ ਅੱਧਾ ਚਮਚਾ ਚੰਦਨ ਪਾਊਡਰ ਇਕ ਕੱਪ ਪਾਣੀ ਵਿਚ ਉਬਾਲ ਕੇ ਇਸ ਨੂੰ ਦਿਨ ਵਿਚ ਤਿੰਨ ਵਾਰੀ ਲਵੋ।

5. ਦਿਲ ਦੀ ਅਸਾਧਾਰਨ ਧੜਕਣ ਨੂੰ ਰੋਕਣ ਲਈ ਇਕ ਚੌਥਾਈ ਚਮਚਾ ਛੋਟੀ ਇਲਾਇਚੀ ਦੇ ਪੀਸੇ ਹੋਏ ਬੀਜ ਹਲਕੀ ਚਾਹ ਪਾਣੀ ਵਿਚ ਉਬਾਲਕੇ ਪੀਵੋ।

6. ਪੱਕੇ ਹੋਏ ਕੇਲੇ ਨਿਯਮਤ ਤੌਰ ਤੇ ਖਾਣ ਨਾਲ ਦਿਲ ਮਜ਼ਬੂਤ ਹੁੰਦਾ ਹੈ।

7. ਪੁੰਗਰੇ ਹੋਏ ਛੋਲੇ ਅਤੇ ਮੂੰਗੀ ਰੋਜ਼ਾਨਾ ਖਾਣ ਨਾਲ ਦਿਲ ਦੇ ਪੱਠੇ ਮਜ਼ਬੂਤ ਹੁੰਦੇ ਹਨ।

8. ਦਿਲ ਦੇ ਰੋਗਾਂ ਤੋਂ ਸੁਰੱਖਿਆ ਲਈ ਅਰਜਨ ਦੀ ਛਿਲਕ ਬਹੁਤ ਗੁਣਕਾਰੀ ਹੁੰਦੀ ਹੈ। ਅਰਜਨ ਦੇ ਛਿਲਕੇ ਦਾ ਕਾੜ੍ਹਾ ਬਣਾਕੇ ਪੀਣ ਨਾਲ ਕਾਫ਼ੀ ਲਾਭ ਹੁੰਦਾ ਹੈ। ਦਿਲ ਵਿਚ ਸੂਲ ਅਤੇ ਦਿਲ ਦੀ ਨਿਰਬਲਤਾ ਕਾਰਨ ਤੇਜ ਧੜਕਣ ਵਿਚ ਅਰਜਨ ਦੇ ਛਿਲਕੇ ਦੀ ਵਰਤੋਂ ਫ਼ਾਇਦੇਮੰਦ ਹੁੰਦੀ ਹੈ।

9. ਅਰਜਨ ਦੇ ਛਿਲਕੇ ਤੋਂ ਬਣਾਏ ਗਏ ਅਰਜਨਾਰਿਸ਼ਟ 15 ਤੋਂ 20 ਮਿਲੀ ਲਿਟਰ ਦੀ ਮਾਤਰਾ ਵਿਚ ਐਨਾ ਹੀ ਪਾਣੀ ਮਿਲਾ ਕੇ ਭੋਜਨ ਦੇ ਬਾਦ ਦੋਨੋਂ ਵਕਤ ਪੀਣ ਨਾਲ ਦਿਲ ਦੇ ਵਿਕਾਰਾਂ ਵਿਚ ਲਾਭ ਪਹੁੰਚਦਾ ਹੈ।

10. ਮ੍ਰਿਗਸਰੰਗ ਭਸਮ ਇਕ ਰੱਤੀ ਮਾਤਰਾ ਵਿਚ ਸ਼ੁੱਧ ਘਿਉ ਦੇ ਨਾਲ ਚੱਟਣ ਤੇ ਦਿਲ ਦੇ ਸੂਲ ਨੂੰ ਆਰਾਮ ਮਿਲਦਾ ਹੈ।

11. ਅਰਜਨ ਦਾ ਛਿਲਕਾ ਅਤੇ ਨਾਗਬਲਾ ਨੂੰ ਕੁੱਟ ਪੀਸ ਕੇ ਚੂਰਣ ਬਣਾ ਲਵੋ। ਦੋਵੇਂ ਬਰਾਬਰ ਮਾਤਰਾ ਵਿਚ ਲਵੋ। ਤਿੰਨ-ਤਿੰਨ ਗ੍ਰਾਂਮ ਚੂਰਣ ਸੁਬਾਹ ਸ਼ਾਮ ਦੁੱਧ ਨਾਲ ਸੇਵਨ ਕਰੋ। ਦਿਲ ਦੇ ਰੋਗਾਂ ਤੋਂ ਸੁਰੱਖਿਆ ਮਿਲਦੀ ਹੈ।

12. ਪੁਸ਼ਕਰ ਮੂਲ ਕੁੱਟ-ਪੀਸ ਕੇ ਚੂਰਣ ਬਣਾ ਲਵੋ। ਇਸ ਜੜ੍ਹ ਨੂੰ ਛਾਂ ਵਿਚ ਸੁਕਾ ਕੇ ਚੂਰਣ ਤਿਆਰ ਕਰੋ। ਮਲਮਲ ਦੇ ਕੱਪੜੇ ਨਾਲ ਚੂਰਣ ਨੂੰ ਛਾਣ ਲਵੋ। 2 ਗਰਾਮ ਚੂਰਣ ਹਰ ਰੋਜ਼ ਸ਼ਹਿਦ ਵਿਚ ਮਿਲਾ ਕੇ ਸੁਬਾਹ-ਸ਼ਾਮ ਸੇਵਨ ਕਰਨ ਨਾਲ ਦਿਲ ਦੇ ਰੋਗਾਂ ਦਾ ਇਲਾਜ ਹੁੰਦਾ ਹੈ।

13. ਪੋਹਕਰ ਜੜ੍ਹ, ਸੁੰਢ, ਪਿੱਪਲੀ, ਰਾਸਨਾ, ਮਿੱਠਾ ਬੱਚ, ਵੱਡੀ ਹਰੜ ਇਹ ਸੱਭ 10-10 ਗਰਾਮ ਮਾਤਰਾ ਵਿਚ ਲੈ ਕੇ, ਕੁੱਟ-ਪੀਸ ਕੇ ਚੂਰਣ ਬਣਾ ਲਵੋ। 3 ਗਰਾਮ ਚੂਰਣ ਰੋਜ਼ਾਨਾ ਦੁੱਧ ਨਾਲ ਸੇਵਨ ਕਰਨ ਤੇ ਦਿਲ ਦੇ ਰੋਗ ਠੀਕ ਹੋ ਜਾਂਦੇ ਹਨ।

14. ਸਰੀਰ ਵਿਚ ਲਹੂ ਦੀ ਕਮੀ ਹੋਣ ਨਾਲ ਦਿਲ ਦੀ ਨਿਰਬਲਤਾ ਕਾਰਨ ਵਿਭਿੰਨ ਰੋਗ ਪੈਦਾ ਹੁੰਦੇ ਹਨ। ਦਿਲ ਦੀ ਨਿਰਬਲਤਾ ਨਸ਼ਟ ਕਰਨ ਲਈ ਫ਼ਲ ਅਤੇ ਸਬਜ਼ੀਆਂ ਦੀ ਵੱਧ ਵਰਤੋਂ ਕਰਨੀ ਚਾਹੀਦੀ ਹੈ। ਸੁੱਕੇ ਮੇਵੇ (ਪਿਸਤਾ, ਬਾਦਾਮ, ਕਾਜੂ, ਸੌਂਗੀ ਆਦਿ) ਵੀ ਦਿਲ ਨੂੰ ਤਾਕਤ ਦਿੰਦੇ ਹਨ। ਸੇਬ, ਗਾਜਰ ਆਦਿ ਦਾ ਮੁਰੱਬਾ ਖਾਣ ਤੇ ਦੁੱਧ ਪੀਣ ਨਾਲ ਵੀ ਦਿਲ ਦੀ ਕਮਜ਼ੋਰੀ ਖ਼ਤਮ ਹੁੰਦੀ ਹੈ।

15. ਦਿਲ ਵਿਚ ਸੂਲ ਹੋਣ ਦੀ ਸ਼ੰਕਾ ਵਿਚ ਸ਼ਾਹ ਰੁਕ ਜਾਣ 'ਤੇ ਲਸ਼ਣ ਦੀਆਂ ਦੋ-ਤਿੰਨ ਪੋਥੀਆਂ ਚੱਬਕੇ ਰਸ ਚੂਸਣ ਨਾਲ ਬਹੁਤ ਲਾਭ ਹੁੰਦਾ ਹੈ। ਪੇਟ ਵਿਚੋਂ ਗੈਸ ਨਿੱਕਲ ਜਾਣ 'ਤੇ ਦਿਲ ਤੇ ਬੋਝ ਘੱਟ ਹੋ ਜਾਂਦਾ ਹੈ।

16. ਕਾਲੀ ਮਿਰਚ ਅਤੇ ਗਿਲੋਅ ਨੂੰ ਬਰਾਬਰ ਮਾਤਰਾ ਵਿਚ ਲੈ ਕੇ ਕੁੱਟ-ਪੀਸ ਕੇ ਚੂਰਣ ਬਣਾ ਲਵੋ। ਪ੍ਰਤੀ ਦਿਨ ਸੁਬਾਹ-ਸ਼ਾਮ 3-3 ਗ੍ਰਾਮ ਚੂਰਣ ਗਰਮ ਪਾਣੀ ਨਾਲ ਸੇਵਨ ਕਰੋ। ਦਿਲ ਦੇ ਦਰਦ ਨੂੰ ਸਾਂਤ ਕਰਦਾ ਹੈ।

17. ਕੇਲੇ ਦੇ ਛੋਟੇ-ਛੋਟੇ ਟੁਕੜੇ ਕੱਟ ਕੇ ਸ਼ਹਿਦ ਮਿਲਾ ਕੇ ਖਾਣ ਨਾਲ ਦਿਲ ਦੇ ਦਰਦ ਦਾ ਪ੍ਰਕੋਪ ਘੱਟ ਹੁੰਦਾ ਹੈ।

18. ਆਨਾਰ ਖਾਣ ਅਤੇ ਆਨਾਰ ਦਾ ਰਸ ਪੀਣ ਨਾਲ ਦਿਲ ਦੇ ਰੋਗਾਂ ਨੂੰ ਆਰਾਮ ਮਿਲਦਾ ਹੈ।

19. ਕੁਟਕੀ ਦਾ ਬਾਰੀਕ ਚੂਰਣ ਬਣਾਕੇ 3-3 ਗ੍ਰਾਮ ਦਿਨ ਵਿਚ ਦੋ ਵਾਰ ਕੋਸੇ ਜਿਹੇ ਪਾਣੀ ਨਾਲ ਲੈਣ ਤੇ ਦਿਲ ਦੀ ਸੋਜ਼ ਖ਼ਤਮ ਹੋ ਜਾਂਦੀ ਹੈ।

20. ਆਨਾਰ ਦੇ ਕੋਮਲ ਤੇ ਤਾਜੇ ਪੱਤਿਆਂ ਨੂੰ 10 ਗ੍ਰਾਮ ਮਾਤਰਾ ਵਿਚ ਕੁੱਟ-ਪੀਸ ਕੇ 150 ਗ੍ਰਾਮ ਗਰਮ ਪਾਣੀ ਮਿਲਾ ਕੇ ਪੀਣ ਨਾਲ ਦਿਲ ਨੂੰ ਤਾਕਤ ਮਿਲਦੀ ਹੈ। ਦਿਲ ਦੀ ਤੇਜ ਧੜਕਣ ਦਾ ਨਿਵਾਰਣ ਹੁੰਦਾ ਹੈ।

21. ਅਸਗੰਧ ਅਤੇ ਬਹੇੜਾ ਨੂੰ ਬਰਾਬਰ ਮਾਤਰਾ ਵਿਚ ਲੈ ਕੇ ਬਾਰੀਕ ਚੂਰਣ ਬਣਾ ਲਵੋ। ਇਸ ਵਿਚ ਥੋੜਾ ਜਿਹਾ ਗੁੜ ਮਿਲਾ ਕੇ ਛੋਟੀਆਂ-ਛੋਟੀਆਂ ਗੋਲ਼ੀਆਂ ਬਣਾਵੋ। ਹਰ ਰੋਜ਼ 1-1 ਗੋਲ਼ੀ ਸੁਬਾਹ-ਸ਼ਾਮ ਪਾਣੀ ਨਾਲ ਸੇਵਨ ਕਰੋ। ਦਿਲ ਦੇ ਸੂਲ ਵਿਚ ਲਾਭ ਹੁੰਦਾ ਹੈ।

22. ਗਿਲੋਅ 10 ਗ੍ਰਾਮ ਲੈ ਕੇ ਉਸ ਵਿਚ 10 ਗ੍ਰਾਮ ਭੱਟਕਟੈਯਾ ਦੀ ਜੜ੍ਹ ਮਿਲਾ ਕੇ 500 ਗ੍ਰਾਮ ਪਾਣੀ ਵਿਚ ਚੰਗੀ ਤਰ੍ਹਾ ਉਬਾਲ ਕੇ ਕਾੜ੍ਹਾ ਬਣਾ ਲਵੋ। ਇਸ ਨੂੰ ਪੀਣ ਨਾਲ ਦਿਲ ਦਾ ਦਰਦ ਠੀਕ ਹੋ ਜਾਂਦਾ ਹੈ।

23. ਕੋਲੇਸਟਰੋਲ ਦੇ ਕਾਰਨ ਲਹੂ ਧੱਮਣੀਆਂ ਵਿਚ ਰੁਕਾਵਟ ਪੈਦਾ ਹੋ ਜਾਣ ਨਾਲ ਜੇਕਰ ਦਿਲ ਵਿਚ ਦਰਦ ਹੋਵੇ ਤਾਂ 200 ਗ੍ਰਾਮ ਪਾਣੀ ਵਿਚ 10 ਗ੍ਰਾਮ ਸ਼ਹਿਦ ਅਤੇ ਨਿੰਬੂ ਦਾ ਰਸ ਮਿਲਾ ਕੇ ਪੀਵੋ।

24. ਅਰਿੰਡ ਦੀ ਜੜ੍ਹ ਨੂੰ ਪਾਣੀ ਵਿਚ ਉਬਾਲਕੇ ਕਾੜ੍ਹਾ ਬਣਾ ਲਵੋ। ਇਸ ਵਿਚ ਜੌਂ-ਖਾਰ ਮਿਲਾ ਕੇ ਪੀਣ ਨਾਲ ਦਿਲ ਦਾ ਸੂਲ ਖ਼ਤਮ ਹੋ ਜਾਂਦਾ ਹੈ।

25. ਪਿੱਪਲੀ ਦੀ ਜੜ੍ਹੀ, ਤ੍ਰਿਕੂਟ ਚਿੱਤ੍ਰਕ ਬਰਾਬਰ ਮਾਤਰਾ ਵਿਚ ਲੈ ਕੇ ਪਾਣੀ ਵਿਚ ਮਿਲਾ ਕੇ ਕਾੜ੍ਹਾ ਬਣਾ ਲਵੋ। ਸੁਬਾਹ-ਸ਼ਾਮ ਵਰਤੋ ਦਿਲ ਦਾ ਦਰਦ ਠੀਕ ਹੋ ਜਾਂਦਾ ਹੈ।

26. ਪਾਨ ਦੇ ਪੱਤਿਆਂ ਦਾ ਰਸ ਕੱਢਕੇ ਸਰਬਤ ਬਣਾ ਲਵੋ। ਸੁਬਾਹ-ਸ਼ਾਮ ਸੇਵਨ ਕਰਨ ਨਾਲ ਦਿਲ ਦਾ ਦੁਰਬਲਤਾ ਖਤਮ ਹੁੰਦੀ ਹੈ ਅਤੇ ਤੇਜ ਧੜਕਣ ਤੋਂ ਛੁਟਕਾਰਾ ਮਿਲਦਾ ਹੈ।

27. ਤਾਜ਼ੀ ਬ੍ਰਹਮੀ ਦੇ 20 ਗ੍ਰਾਮ ਰਸ ਵਿਚ ਸ਼ਹਿਦ ਮਿਲਾ ਕੇ ਰੋਜ਼ਾਨਾ ਪੀਣ ਨਾਲ ਦਿਲ ਦੀ ਨਿਰਬਲਤਾ ਨਸ਼ਟ ਹੁੰਦੀ ਹੈ।

28. ਧਨੀਆ ਦੇ 3 ਗ੍ਰਾਮ ਚੂਰਣ ਵਿਚ 3 ਗ੍ਰਾਮ ਮਿਸਰੀ ਮਿਲਾ ਕੇ ਪ੍ਰਤੀ ਦਿਨ ਤਾਜ਼ੇ ਪਾਣੀ ਨਾਲ ਸੇਵਨ ਕਰੋ। ਦਿਲ ਦੀ ਧੜਕਣ ਨਿਯਮਤ ਹੋ ਜਾਂਦੀ ਹੈ।

29. ਔਲ਼ੇ, ਹਰੜ, ਬਹੇੜਾ ਅਤੇ ਬ੍ਰਹਮੀ ਸਾਰੀਆਂ ਚੀਜਾਂ 20-20 ਗ੍ਰਾਮ ਚੂਰਣ ਬਣਾ ਲਵੋ। ਇਸ ਵਿੱਚ 6 ਗ੍ਰਾਮ ਕਾਲੀ ਮਿਰਚ ਵੀ ਮਿਲਾ ਲਵੋ। ਹਰ ਰੋਜ਼ 6 ਗ੍ਰਾਮ ਚੂਰਣ ਗਊ ਦੇ ਦੁੱਧ ਨਾਲ ਸੁਬਾਹ-ਸ਼ਾਮ ਸੇਵਨ ਕਰੋ। ਦਿਲ ਦੀ ਕਮਜ਼ੋਰੀ ਖਤਮ ਹੋ ਜਾਵੇਗੀ।

# ਭਾਰਤ ਨੇ ਚੀਨ 'ਤੇ ਕੱਸਿਆ ਸ਼ਿਕੰਜਾ, ਪ੍ਰਵਾਨਗੀ ਦੇ ਜਾਲ 'ਚ ਫਸੇ 7 ਪ੍ਰੋਜੈਕਟ



ਬਿਜ਼ਨਸ ਡੈਸਕ : ਪਾਕਿਸਤਾਨ ਨਾਲ ਹਾਲ ਹੀ ਵਿੱਚ ਹੋਏ ਫੌਜੀ ਤਣਾਅ ਅਤੇ 'ਆਪ੍ਰੇਸ਼ਨ ਸਿੰਦੂਰ' ਤੋਂ ਬਾਅਦ, ਭਾਰਤ ਹੁਣ ਆਪਣੇ ਸਹਿਯੋਗੀਆਂ, ਖਾਸ ਕਰਕੇ ਚੀਨ ਦੇ ਖਿਲਾਫ ਰਣਨੀਤਕ ਰੁਖ਼ ਅਪਣਾਉਣ ਵੱਲ ਵਧ ਰਿਹਾ ਹੈ। ਰਿਪੋਰਟਾਂ ਅਨੁਸਾਰ, ਪਾਕਿਸਤਾਨ ਨੇ ਤੁਰਕੀ ਅਤੇ ਚੀਨ ਤੋਂ ਪ੍ਰਾਪਤ ਹਥਿਆਰਾਂ ਦੀ ਵਰਤੋਂ ਭਾਰਤ ਵਿਰੁੱਧ ਕੀਤੀ, ਜਿਸ ਤੋਂ ਬਾਅਦ ਭਾਰਤ ਇਨ੍ਹਾਂ ਸਹਿਯੋਗੀਆਂ 'ਤੇ ਕੂਟਨੀਤਕ ਅਤੇ ਆਰਥਿਕ ਦਬਾਅ ਵਧਾਉਣ ਦੀ ਯੋਜਨਾ ਬਣਾ ਰਿਹਾ ਹੈ।

ਭਾਰਤ ਸਰਕਾਰ 6 ਤੋਂ 7 ਚੀਨ-ਸਮਰਥਿਤ ਨਿਵੇਸ਼ ਪ੍ਰੋਜੈਕਟਾਂ ਦੀ ਮੁੜ ਜਾਂਚ ਕਰਨ ਦੀ ਤਿਆਰੀ ਕਰ ਰਹੀ ਹੈ, ਜਿਸ ਕਾਰਨ ਇਨ੍ਹਾਂ ਪ੍ਰਸਤਾਵਾਂ ਦੀ ਪ੍ਰਵਾਨਗੀ ਵਿੱਚ ਦੇਰੀ ਹੋ ਸਕਦੀ ਹੈ। ਇੱਕ ਰਿਪੋਰਟ ਅਨੁਸਾਰ, ਕੇਂਦਰ ਸਰਕਾਰ ਚੀਨੀ ਕੰਪਨੀਆਂ ਨਾਲ ਵਿਦੇਸ਼ੀ ਨਿਵੇਸ਼ ਅਤੇ ਸਾਂਝੇ ਉੱਦਮ (ਜੇਵੀ) ਪ੍ਰਸਤਾਵਾਂ ਦੀ ਜਾਂਚ ਨੂੰ ਹੋਰ ਸਖ਼ਤ ਕਰ ਸਕਦੀ ਹੈ।

ਭਾਰਤ ਸਰਕਾਰ 6 ਤੋਂ 7 ਚੀਨ-ਸਮਰਥਿਤ ਨਿਵੇਸ਼ ਪ੍ਰੋਜੈਕਟਾਂ ਦੀ ਮੁੜ ਜਾਂਚ ਕਰਨ ਦੀ ਤਿਆਰੀ ਕਰ ਰਹੀ ਹੈ, ਜਿਸ ਕਾਰਨ ਇਨ੍ਹਾਂ ਪ੍ਰਸਤਾਵਾਂ ਦੀ ਪ੍ਰਵਾਨਗੀ ਵਿੱਚ ਦੇਰੀ ਹੋ ਸਕਦੀ ਹੈ। ਇੱਕ ਰਿਪੋਰਟ ਅਨੁਸਾਰ, ਕੇਂਦਰ ਸਰਕਾਰ ਚੀਨੀ ਕੰਪਨੀਆਂ ਨਾਲ ਵਿਦੇਸ਼ੀ ਨਿਵੇਸ਼ ਅਤੇ ਸਾਂਝੇ ਉੱਦਮ (ਜੇਵੀ) ਪ੍ਰਸਤਾਵਾਂ ਦੀ ਜਾਂਚ ਨੂੰ ਹੋਰ ਸਖ਼ਤ ਕਰ ਸਕਦੀ ਹੈ।

ਜਾਣਕਾਰੀ ਅਨੁਸਾਰ, ਭਵਿੱਖ ਵਿੱਚ, ਚੀਨ ਤੋਂ ਕਿਸੇ ਵੀ ਸਾਂਝੇ ਉੱਦਮ ਜਾਂ ਨਿਵੇਸ਼ ਪ੍ਰਸਤਾਵ ਦੀ ਸਖ਼ਤ ਪਾਲਣਾ ਜ਼ਰੂਰਤਾਂ ਦੇ ਤਹਿਤ ਜਾਂਚ ਕੀਤੀ ਜਾਵੇਗੀ, ਜਿਸ ਕਾਰਨ ਉਨ੍ਹਾਂ ਨੂੰ ਭਾਰਤ ਵਿੱਚ ਕੰਮ ਸ਼ੁਰੂ ਕਰਨ ਤੋਂ ਪਹਿਲਾਂ ਕਈ ਰੈਗੂਲੇਟਰੀ ਪੱਧਰਾਂ ਵਿੱਚੋਂ ਲੰਘਣਾ ਪਵੇਗਾ।

**ਅਪ੍ਰੈਲ 2020 ਤੋਂ ਸਖ਼ਤ ਢਧੀ ਨਿਯਮ ਲਾਗੂ**

ਅਪ੍ਰੈਲ 2020 ਵਿੱਚ ਇੱਕ ਮਹੱਤਵਪੂਰਨ ਫੈਸਲਾ ਲੈਂਦੇ ਹੋਏ, ਭਾਰਤ ਸਰਕਾਰ ਨੇ ਚੀਨ ਸਮੇਤ ਸਾਰੇ ਗੁਆਂਢੀ ਦੇਸ਼ਾਂ ਤੋਂ ਸਿੱਧਾ ਵਿਦੇਸ਼ੀ ਨਿਵੇਸ਼ (ਢਧੀ) ਸਰਕਾਰੀ ਪ੍ਰਵਾਨਗੀ ਦੇ ਅਧੀਨ ਕੀਤਾ। ਇਸਦਾ ਉਦੇਸ਼ ਮਹਾਂਮਾਰੀ ਦੌਰਾਨ ਭਾਰਤੀ ਕੰਪਨੀਆਂ ਦੇ 'ਮੌਕਾਪ੍ਰਸਤ ਕਬਜ਼ੇ' ਨੂੰ ਰੋਕਣਾ ਸੀ।

ਉਸ ਸਮੇਂ, ਚੀਨ ਨੇ ਇਸ ਕਦਮ 'ਤੇ ਸਖ਼ਤ ਪ੍ਰਤੀਕਿਰਿਆ ਦਿੱਤੀ ਸੀ। ਹੁਣ, ਭਾਰਤ ਇੱਕ ਵਾਰ ਫਿਰ ਉਸ ਨੀਤੀ ਨੂੰ ਹੋਰ ਸਖ਼ਤੀ ਨਾਲ ਲਾਗੂ ਕਰਨ ਵੱਲ ਵਧ ਰਿਹਾ ਹੈ।

ਭਾਰਤ ਦੇ ਇਸ ਸਖ਼ਤ ਰੁਖ਼ ਦਾ ਇੱਕ ਹੋਰ ਕਾਰਨ ਚੀਨ ਵੱਲੋਂ ਪਾਕਿਸਤਾਨ ਨੂੰ ਦਿੱਤਾ ਜਾ ਰਿਹਾ ਸਮਰਥਨ ਹੈ। ਰਿਪੋਰਟਾਂ ਅਨੁਸਾਰ, ਪਾਕਿਸਤਾਨ ਵੱਲੋਂ ਭਾਰਤ ਵਿਰੁੱਧ ਵਰਤੇ ਜਾਣ ਵਾਲੇ ਹਥਿਆਰ ਅਤੇ ਹਵਾਈ ਰੱਖਿਆ ਪ੍ਰਣਾਲੀਆਂ ਦੀ ਸਪਲਾਈ ਚੀਨ ਵੱਲੋਂ ਕੀਤੀ ਗਈ ਸੀ। ਅਜਿਹੀ ਸਥਿਤੀ ਵਿੱਚ, ਭਾਰਤ ਨੇ ਚੀਨ ਦੇ ਇਰਾਦਿਆਂ ਅਤੇ ਉਸਦੇ ਨਿਵੇਸ਼ਾਂ ਸੰਬੰਧੀ ਆਪਣੀ ਰਣਨੀਤੀ ਨੂੰ ਹੋਰ ਸਖ਼ਤ ਕਰਨ ਦਾ ਸੰਕੇਤ ਦਿੱਤਾ ਹੈ।






# ਤੀਆਂ ਦੀਆਂ ਨਵੀਨ ਬੋਲੀਆਂ



ਆਉਂਦੀ ਕੁੜੀਏ, ਜਾਂਦੀ ਕੁੜੀਏ,
ਫੁੱਲ ਪਏ ਨੇ ਬਜ਼ਾਰ ਵਿਚ ਮਿੱਧੇ।
ਬਈ ਧੀਆਂ ਨੂੰ ਨਾ ਮਾਰੋ ਵੇ ਲੋਕੋ,
ਕੌਣ ਪਾਊਗਾ ਖੁਸ਼ੀਆਂ ਦੇ ਵਿਹੜੇ ਗਿੱਧੇ।

ਆਉਂਦੀ ਕੁੜੀਏ, ਜਾਂਦੀ ਕੁੜੀਏ,
ਚੁੱਕ ਲਿਆ ਬਜ਼ਾਰ ਵਿਚੋਂ ਲੋਈ।
ਬਈ ਅੱਗ ਲੱਗੇ ਐਸੇ ਪਿੰਡ ਨੂੰ,
ਜਿੱਥੇ ਧੀਆਂ ਦੀ ਕਦਰ ਨਾ ਕੋਈ।

ਆਉਂਦੀ ਕੁੜੀਏ ਜਾਂਦੀ ਕੁੜੀਏ,
ਕੁੱਟ ਲੈ ਛੰਨੇ ਦੇ ਵਿਚ ਚੂਰੀ।
ਉਹ ਪਿੰਡ ਰਹਿਣ ਵਸਦੇ,
ਜਿੱਥੇ ਧੀਆਂ ਦੀ ਕਦਰ ਹੋਵੇ ਪੂਰੀ।

ਤੀਆਂ ਵਿਚ ਨੱਚੀ ਕੁੜੀ,
ਨੱਚੀ ਲਲਕਾਰ ਕੇ।
ਚੜ੍ਹਦੀ ਜਵਾਨੀ,
ਨੱਚੀ ਅੱਡੀ ਮਾਰ-ਮਾਰ ਕੇ।

ਖ਼ੂਬ ਖਿੜੀ ਗੁਲਜ਼ਾਰ, ਰੌਣਕ ਚਿੜੀਆਂ ਦੀ,
ਕੁੜੀਆਂ ਲਾਈ ਬਹਾਰ ਰੌਣਕ ਚਿੜੀਆਂ ਦੀ।

ਰੱਖ ਲੈ ਕੁਆਰੀ ਬਾਬਲਾ,
ਪੁੱਤ ਬਣ ਕੇ ਕਮਾਊਂ ਘਰ ਤੇਰੇ।

ਬਾਰੀਂ ਬਰਸੀਂ ਖੱਟਣ ਗਿਆ ਸੀ,
ਖੱਟ ਕੇ ਲਿਆਂਦੀ ਮਾਇਆ।
ਪੜ੍ਹ -ਲਿਖ ਕੁੜੀਆਂ ਨੇ,
ਚਾਨਣ ਟਿੱਕਾ ਲਾਇਆ।

ਬਾਰੀਂ ਬਰਸੀਂ ਖੱਟਣ ਗਿਆ ਸੀ,
ਖੱਟ ਕੇ ਲਿਆਂਦੀ ਆਰੀ।
ਅੱਜ ਕਲ੍ਹ ਕੁੜੀਆਂ ਦੀ ਅੰਬਰਾਂ ਵਿਚ ਉਡਾਰੀ।

ਕੀ ਮੁੰਡਿਆ! ਵੇ ਤੂੰ ਧੁੱਪ-ਧੁੱਪ ਲਾਈ ਆ,
ਤਾਣ ਛਤਰੀ ਵੇ ਜਿਹੜੀ ਲੰਦਨੋਂ ਮੰਗਾਈ ਆ।
ਕੀ ਮੁੰਡਿਆ! ਵੇ ਤੂੰ ਭੁੱਖ-ਭੁੱਖ ਲਾਈ ਆ,
ਖਾ ਲਾ ਮਿਸ਼ਰੀ ਵੇ ਜਿਹੜੀ ਮੰਗਣੇ 'ਤੇ ਆਈ ਆ।
ਖਾ ਲਾ ਪਰੌਂਠੀ ਜਿਹੜੀ ਬੰਨੋ ਨੇ ਬਣਾਈ ਆ।

ਜੇ ਮੁੰਡਿਆ ਤੈਨੂੰ ਮੈਂ ਨਾ ਪਸੰਦ ਸੀ,
ਉਦੋਂ ਜ਼ੁਬਾਨੋਂ ਬੋਲਦਾ ਵੇ।
ਭਾਵੇਂ ਸ਼ਗਨ ਝੋਲੀ 'ਚੋਂ ਮੋੜਦਾ ਵੇ...

ਨੀ ਤੂੰ ਸੱਸ ਰੱਖ ਲਾ,
ਰੱਖ ਲਾ ਬਣਾ ਕੇ ਮਾਂ।

ਧਾਵੇ-ਧਾਵੇ ਧਾਵੇ
ਰੋਕੋ ਨੀ ਕੁੜੀਓ!
ਮੇਰਾ ਵੀਰ ਚੀਨ ਨੂੰ ਜਾਵੇ,
ਉਡਦਾ ਰੁਮਾਲ ਦਿਸਿਆ।
ਗੱਡੀ ਚੜ੍ਹਦਾ ਨਜ਼ਰ ਨਾ ਆਵੇ,
ਭੈਣ -ਭਰਾਵਾਂ ਦਾ,
ਰੱਬ ਨਾ ਵਿਛੋੜਾ ਪਾਵੇ।

ਸੱਚ ਦੱਸੀਂ ਮਾਏਂ ਮੇਰੀਏ,
ਧੀਆਂ ਤੋਰ ਕੇ ਕਿੰਨਾ ਕੁ ਧੰਨ ਜੋੜਿਆ।

ਸੱਚ ਦੱਸੀਂ ਵੀਰਾ ਮੇਰਿਆ,
ਭੈਣਾਂ ਤੋਰ ਕੇ ਕਿੰਨਾ ਕੁ ਧੰਨ ਜੋੜਿਆ।

ਪੁੱਤਾਂ ਨਾਲ ਭਾਵੇਂ ਜੱਗ ਰੁਸ਼ਨਾਈਆਂ,
ਧੀਆਂ ਬਾਝੋਂ ਵਿਹੜਾ ਸੱਖਣਾ।

ਮਾਏਂ ਨੀ ਮੈਨੂੰ ਵੀ ਦੁਨੀਆਂ 'ਤੇ ਆਉਣ ਦੇ,
ਮਾਏਂ ਨੀ ਧਰਤੀ 'ਤੇ ਪੱਬ ਮੈਨੂੰ ਪਾਉਣ ਦੇ।
ਮਾਏਂ ਨੀ ਵਿਹੜੇ ਵਿਚ ਖ਼ੁਸ਼ੀਆਂ ਲਿਆਊਂਗੀ,
ਬਾਬਲਾ! ਦੁੱਖ-ਸੁੱਖ ਸਾਰੇ ਹੀ ਵੰਡਾਊਂਗੀ।

ਨਾ ਲੋੜ ਰਹੀ ਏ ਲਾਗੀ ਦੀ,
ਨਾ ਲੋੜ ਏ ਰਿਸ਼ਤੇਦਾਰਾਂ ਦੀ।
ਲੋੜ ਕੰਪਿਊਟਰ ਬਣਿਆਂ,
ਅੱਜ ਕੱਲ੍ਹ ਗੱਭਰੂ ਮੁਟਿਆਰਾਂ ਦੀ।

ਨਾ ਹੀ ਹੁਣ ਕੋਈ ਸੰਗ ਸ਼ਰਮ,
'ਤੇ ਨਾ ਹੀ ਰਹਿ ਗਿਆ ਓਹਲਾ।
ਮੁੰਡੇ ਕੁੜੀਆਂ ਦਾ ਇੰਟਰਨੈੱਟ ਵਿਚੋਲਾ...

ਹੱਸਦੀਆਂ ਕੁੜੀਆਂ, ਖੇਡਦੀਆਂ ਕੁੜੀਆਂ,
ਨਾਲੇ ਵੰਡਦੀਆਂ ਹਾਸੇ ਅਤੇ ਖੇੜੇ ਕੁੜੀਆਂ।
ਲੈ ਕੇ ਆਉਂਦੀਆਂ ਬਹਾਰ ਸਦਾ ਵਿਹੜੇ ਕੁੜੀਆਂ।

ਸਿੰਘਾ ਲੈ ਜਾਈਂ ਵੇ ਮੇਲੇ ਨੂੰ।
ਪਾਇਆ ਵੇ ਮੈਂ ਘੱਗਰਾ ਸੂਫ਼ ਦਾ,
ਹਿੱਕ ਛੜੇ ਦੀ ਜਾਵੇ ਫੂਕਦਾ।
ਗੱਡੀ ਜੋੜ ਕੇ ਲੈ ਆਈਂ ਵੇ ਮੇਲੇ ਨੂੰ,
ਸਿੰਘਾ ਲੈ ਜਾਈਂ ਵੇ ਮੇਲੇ ਨੂੰ।

ਜੇ ਮਾਪਿਓ ਤੁਸੀਂ ਧੀਆਂ ਵੇ ਜੰਮੀਆਂ,
ਪੁੱਤਾਂ ਬਰਾਬਰ ਰੱਖਿਆ ਕਰੋ।
ਐਵੇਂ ਅਗਲੇ ਘਰੇ ਨਾ ਧੱਕਿਆ ਕਰੋ।

ਜੇ ਮੁੰਡਿਓ ਤੁਸੀਂ ਵਿਆਹ ਕਰਵਾਉਣਾ,
ਦਾਜ ਦਹੇਜ ਦਾ ਕੀ ਲੈਣਾ ਮੁੰਡਿਓ।
ਪੜ੍ਹੀ ਨਾਰ ਉਮਰ ਦਾ ਗਹਿਣਾ ਮੁੰਡਿਓ...

ਸ਼ਹਿਰਾਂ ਵਿਚੋਂ ਸ਼ਹਿਰ ਸੁਣੀਂਦਾ,
ਸੁਣੀਂਦਾ ਸ਼ਹਿਰ ਜਲੰਧਰ।
ਨਾ ਜਾਈਂ ਡੇਰਿਆਂ ਨੂੰ,
ਰੱਬ ਵਸਦਾ ਦਿਲਾਂ ਦੇ ਅੰਦਰ।

ਸਾਉਣ ਦਾ ਮਹੀਨਾ ,
ਜੀਅ ਨਾ ਕਰੇ ਵੰਝਾਂ ਪਾਉਣ ਨੂੰ।
ਮੁੰਡਾ ਫਿਰੇ ਨੀ ਸੱਤਰੰਗੀਆਂ ਚੜ੍ਹਾਉਣ ਨੂੰ...
ਸਾਉਣ ਦਾ ਮਹੀਨਾ ,
ਜੀਅ ਨਾ ਕਰੇ ਸਹੁਰੇ ਜਾਣ ਨੂੰ।
ਮੁੰਡਾ ਫਿਰੇ ਨੀ ਗੱਡੀ ਜੋੜ ਕੇ ਲਿਜਾਣ ਨੂੰ...

ਕਨੇਡਾ ਕਨੇਡਾ ਕਰ ਨਾ ਕੁੜੀਏ,
ਕੀ ਕਨੇਡਾ ਤੋਂ ਲੇਣਾ।
ਕਨੇਡਾ ਦੇ ਵਿਚ ਨੀਂਦ ਨਹੀਂ ਪੂਰੀ,
ਕੰਮ ਤੇ ਰਹਿੰਦਾ ਪੈਣਾ।
ਇੰਡੀਆ ਰਹਿ ਕੁੜੀਏ,
ਜੇ ਤੂੰ ਟੌਰ੍ਹ ਨਾਲ ਰਹਿਣਾ।

ਜੇ ਮਾਹੀਆ ਤੂੰ ਸ਼ਹਿਰ ਨੂੰ ਚੱਲਿਆਂ,
ਇਕ ਰੀਝ ਪੁਗਾ ਦੇ ਮੇਰੀ।
ਵੇ ਸੂਟ ਮੇਰਾ ਹੈ ਪੂਰਾ ਟੌਰ੍ਹੀ,
ਚੁੰਨੀ ਹੈ ਨਹੀਂ ਭਾਰੀ।
ਜੁੱਤੀ ਕਰਦੀ ਚੀਕੂੰ-ਚੀਕੂੰ,
ਹੁਸਨ ਦੀ ਭਰੀ ਪਟਾਰੀ।
ਇਕੋ ਕਮੀ ਜੋ ਨਿੱਤ-ਨਿੱਤ ਰੜਕੇ,
ਜਾਂਦੀ ਨਹੀਂ ਸਹਾਰੀ।
ਰਾਂਝਣਾ ਲੈ ਦੇ ਵੇ,
ਸਿਰ ਕੱਢਵੀਂ ਫੁਲਕਾਰੀ।

ਜੇਠ ਜਠਾਣੀ ਨੇ ਬੱਕਰੀ ਲਿਆਂਦੀ,
ਬਾਹਰੋਂ ਆਈ ਚਰ ਕੇ।
ਦੋਵੇਂ ਮਿਲ ਕੇ ਚੋਣ ਲੱਗੇ,
ਚਾਰੇ ਲੱਤਾਂ ਫੜ੍ਹ ਕੇ।
ਜਠਾਣੀ ਨੇ 'ਚੋ ਲਈ ਅੱਧੀ ਗੜਵੀ,
ਜੇਠ ਸੀ ਉੱਠਿਆ ਭਰ ਕੇ।
ਆਨੇ-ਆਨੇ ਦੇ ਚੌਲ ਮੰਗਾ ਲਏ,
ਗਹਿਣੇ ਗਜਰੇ ਧਰ ਕੇ।
ਖਾਣ-ਪੀਣ ਦਾ ਵੇਲਾ ਹੋਇਆ,
ਖਾਂਦੇ-ਪੀਂਦੇ ਲੜ ਪਏ।
ਉੱਤੇ ਆ ਗਈ ਪੁਲਿਸ ਸਰਕਾਰੀ,
ਲੈ ਗਏ ਦੋਵਾਂ ਨੂੰ ਫੜ੍ਹ ਕੇ।
ਜਠਾਣੀ ਤਾਂ ਛੁੱਟ ਗਈ ਮਿੰਨਤਾਂ ਕਰਕੇ,
ਜੇਠ ਦੇ ਘੋਟਣਾ ਖੜ੍ਹਕੇ।
ਨੀ ਛੜਾ ਲਾ ਨੀ ਜਠਾਣੀਏਂ,
ਬੱਕਰੀ ਗਹਿਣੇ ਧਰਕੇ।

ਫ਼ੌਰਨ ਫ਼ੌਰਨ ਫ਼ੌਰਨ ਕਰਦਾ ਮੁੰਡਿਆ,
ਕੀ ਫ਼ੌਰਨ ਤੋਂ ਲੈਣਾ।
ਵੇ ਫ਼ੌਰਨ ਦੀ ਤਾਂ ਬੁਰੀ ਨੌਕਰੀ,
ਪਹਿਰੇਦਾਰ ਖੜੋਣਾ।
ਜਦ ਪਹਿਰੇ 'ਚ ਅੱਖ ਲੱਗ ਜਾਂਦੀ,
ਗੋਲੀ ਮਾਰ ਜਗਾਉਣਾ।
ਫ਼ੌਰਨ ਨਾ ਜਾਈਂ ਵੇ,
ਇੰਡੀਆ ਦੇਸ ਨਹੀਂ ਥਿਆਉਣਾ।

ਪਾਵੇ ਪਾਵੇ ਪਾਵੇ,
ਸੈਨਹੋਜ਼ੇ ਏਅਰ ਪੋਰਟ ਤੇ।
ਮੇਰਾ ਵੀਰਾ ਟੈਕਸੀ ਚਲਾਵੇ,
ਵੀਰੇ ਨੇ ਪਾਣੀ ਮੰਗਿਆ,
ਭੈਣ ਭੱਜ ਕੇ ਗਿਲਾਸ ਫੜਾਵੇ।
ਭੈਣ -ਭਰਾਵਾਂ ਦਾ ਰੱਬ ਨਾ ਵਿਛੋੜਾ ਪਾਵੇ।

ਚਿੱਟੀ-ਚਿੱਟੀ ਤੂੰ ਕਦੀ ਪਿੰਜਣੀ ਪਊਗੀ,
ਸੱਸ ਨਾ ਸਲਾਹੀਏ।
ਕਦੀ ਨਿੰਦਣੀ ਪਊਗੀ...

ਨਾ ਡੋਲਾ, ਨਾ ਘੋੜਾ ਏਥੇ,
ਰੱਜ ਕੇ ਜੀਅ ਪਰਚਾਵਣ।
ਬਿਨਾਂ ਵਿਆਹ ਤੋਂ ਬੱਚੇ ਜੰਮਣ,
ਸਿੰਗਲ ਮਦਰ ਕਹਾਵਣ।
ਫ਼ੂਡ ਸਟੈਂਪਾਂ ਲੈ ਕੇ ਖਾਂਦੀਆਂ,
ਮੁਫ਼ਤ ਇਲਾਜ ਕਰਾਵਣ।
ਅਮਰੀਕੀ ਸਿਸਟਮ ਦਾ,
ਏਦਾਂ ਲਾਭ ਉਠਾਵਣ।

ਪਿੰਡਾਂ ਵਿਚੋਂ ਪਿੰਡ ਸੁਣੀਂਦਾ,
ਪਿੰਡ ਸੁਣੀਂਦਾ ਮੋਗਾ।
ਨਾ ਓਥੇ ਕੋਈ ਟਾਕ ਸੁਣੀਂਦੀ,
ਨਾ ਸੁਣੀਂਦਾ ਟੋਕਾ।
ਨਾ ਓਥੇ ਕੋਈ ਸਾਧ ਸੁਣੀਂਦਾ,
ਨਾ ਕੋਈ ਮਾਰਦਾ ਗੋਡਾ।
ਸੁਣ ਲੈ ਮੋਰਨੀਏਂ
ਮੋਗਾ ਕਰਮਾਂ ਜੋਗਾ।

ਜੇ ਮੁੰਡਿਆ ਸਰਦਾਰੀ ਕਰਨੀ,
ਤੁਰ ਨਾ ਹੋ ਕੇ ਕੋਡੇ ।
ਮਾਰ ਖੰਘੂਰਾ ਲੰਘ ਗਲੀ 'ਚੋਂ,
ਦੁਸ਼ਮਣ ਟੇਕਣ ਗੋਡੇ।
ਦਾਰੂ ਬੀੜੀ ਸਿਗਰਟ ਜ਼ਰਦਾ,
ਪੀਣੇ ਛੱਡਦੇ ਡੋਡੇ।
ਪੱਗੜੀ ਬੰਨ੍ਹ ਮੁੰਡਿਆ,
ਰੱਖ ਡਾਂਗ ਤੂੰ ਮੋਢੇ।

ਬਾਜ਼ੀਗਰਾਂ ਦੇ ਨਾ ਵਿਆਹੀਂ ਮੇਰੇ ਬਾਬਲਾ,
ਹੱਥ ਵਿਚ ਗੁਥਲੀ ਫੜ੍ਹਾ ਦੇਣਗੇ।
ਮੈਨੂੰ ਸੂਈਆਂ ਵੇਚਣ ਲਾ ਦੇਣਗੇ,
ਮੈਨੂੰ ਕੰਧੂਈਆਂ ਵੇਚਣ ਲਾ ਦੇਣਗੇ।
ਜਿਮੀਂਦਾਰਾਂ ਦੇ ਨਾ ਵਿਆਹੀਂ ਮੇਰੇ ਬਾਬਲਾ,
ਹੱਥ ਵਿਚ ਗੁੱਡੀਆਂ ਫੜ੍ਹਾ ਦੇਣਗੇ।
ਮੈਨੂੰ ਝੋਨਾ ਗੱਡਣ ਲਾ ਦੇਣਗੇ,
ਮੈਨੂੰ ਝੋਨਾ ਝਾੜਨ ਲਾ ਦੇਣਗੇ।
ਅਮਰੀਕਨਾਂ ਦੇ ਨਾ ਦੇਈਂ ਮੇਰੇ ਬਾਬਲਾ,
ਯਾਹ-ਯਾਹ ਕਰਨੀ ਸਿਖਾ ਦੇਣਗੇ,
ਮੈਨੂੰ ਟਾਕੋ ਬੈੱਲ 'ਤੇ ਲਾ ਦੇਣਗੇ..

ਬਾਹਰੋਂ ਆਇਆ ਅੱਕਿਆ ਥੱਕਿਆ,
ਪੰਜ-ਸੱਤ ਥੱਪੜ ਮਾਰ ਗਿਆ।
ਮਗਰੋਂ ਮਾਰ ਗਿਆ ਥਾਪਾ,
ਮੈਂ ਵੀ ਢਾਹ ਲਿਆ ਨੀ।
ਕਲ੍ਹ ਪੱਪੂ ਦਾ ਭਾਪਾ...

ਹੋਰ ਤਾਂ ਪਾਉਂਦੇ ਖ਼ੱਦਰ ਦੇ ਕੁੜਤੇ,
ਮੇਰੇ ਮਾਹੀ ਦਾ ਟੂਲ ਦਾ ਨੀ।
ਦੂਰੋਂ ਆਉਂਦਾ ਸ਼ਰਾਬੀ ਝੂਲਦਾ ਨੀ...

ਜਲੰਧਰ ਤੋਂ ਘੜਵਾਈਆਂ ਝਾਂਜਰਾਂ,
ਵਿਚ ਮੜ੍ਹਾਏ ਤਾਰੇ।
ਲੁਧਿਆਣੇ ਵਿਚ ਧੁੰਮਾਂ ਪਈਆਂ,
ਸਭ ਪਾਸੇ ਚਮਕਾਰੇ।
ਅਮਰੀਕਾ ਨੱਚਦੀ ਫਿਰਾਂ,
ਸਾਰੇ ਹਿੱਲ ਗਏ ਪੰਜਾਬ ਦੇ ਚੁਬਾਰੇ।

ਉੱਤਲੇ ਚੁਬਾਰੇ ਉੱਤੇ ਖੁੱਲ੍ਹੀਆਂ ਨੇ ਬਾਰੀਆਂ,
ਪੁੱਤ ਨੇ ਪਿਆਰੇ।
ਨੂੰਹਾਂ ਪੁੱਤਾਂ ਤੋਂ ਪਿਆਰੀਆਂ...

ਸੁਰਜੀਤ ਨਜ਼ਮ ਸੁਣਾ ਜਾ ਨੀ, ਤੀਆਂ ਦੇ ਵਿਚ ਆ ਕੇ।
ਸਾਥੋਂ ਵਾਹ-ਵਾਹ ਕਰਵਾ ਜਾ ਨੀ, ਤੀਆਂ ਦੇ ਵਿਚ ਆ ਕੇ।
ਚਰਨਜੀਤ ਬੋਲੀ ਕੋਈ ਪਾ ਜਾ ਨੀ, ਤੀਆਂ ਦੇ ਵਿਚ ਆ ਕੇ।
ਹੇਕ ਲੰਮੀ ਜਿਹੀ ਲਾ ਜੀ ਨੀ, ਤੀਆਂ ਦੇ ਵਿਚ ਆ ਕੇ।
ਪਾਵੇ ਪਾਵੇ ਪਾਵੇ,
ਧੀਆਂ ਬਿਨ ਮਾਪਿਆਂ ਦੇ।
ਕਿਹੜਾ ਦੁੱਖ 'ਤੇ ਦਰਦ ਵੰਡਾਵੇ।

**- ਨੀਲਮ ਸੈਣੀ**

# ਮਸ਼ਹੂਰ ਰੈਪਰ ਟੋਰੀ ਲੇਨਜ਼ 'ਤੇ ਚਾਕੂ ਨਾਲ ਕੀਤਾ ਗਿਆ ਜਾਨਲੇਵਾ ਹਮਲਾ



ਅਮਰੀਕਾ ਦੇ ਕੈਲੀਫੋਰਨੀਆ ਦੀ ਇਕ ਜੇਲ੍ਹ ਵਿਚ 10 ਸਾਲ ਦੀ ਸਜ਼ਾ ਕੱਟ ਰਹੇ ਕੈਨੇਡੀਅਨ ਸਿੰਗਰ ਅਤੇ ਰੈਪਰ ਟੋਰੀ ਲੇਨਜ਼ 'ਤੇ ਜਾਨਲੇਵਾ ਹਮਲਾ ਹੋਇਆ ਹੈ। ਇਸ ਸਬੰਧੀ ਜਾਣਕਾਰੀ ਰੈਪਰ ਦੀ ਟੀਮ ਨੇ ਅਧਿਕਾਰਤ ਇੰਸਟਾਗ੍ਰਾਮ ਅਕਾਊਂਟ 'ਤੇ ਇਕ ਬਿਆਨ ਜਾਰੀ ਕਰਕੇ ਦਿੱਤੀ ਹੈ। ਪੋਸਟ ਮੁਤਾਬਕ ਸੋਮਵਾਰ ਨੂੰ ਇਕ ਦੂਜੇ ਕੈਦੀ ਨੇ ਉਨ੍ਹਾਂ 'ਤੇ ਇਕ ਜਾਂ ਦੋ ਵਾਰ ਨਹੀਂ ਸਗੋਂ 14 ਵਾਰ ਚਾਕੂ ਨਾਲ ਹਮਲਾ ਕੀਤਾ ਗਿਆ। ਹਮਲੇ ਤੋਂ ਬਾਅਦ ਰੈਪਰ ਦੀ ਹਾਲਤ ਗੰਭੀਰ ਦੱਸੀ ਜਾ ਰਹੀ ਹੈ।

ਬਿਆਨ ਵਿੱਚ ਲਿਖਿਆ ਹੈ, 'ਟੋਰੀ 'ਤੇ 14 ਵਾਰ ਚਾਕੂ ਨਾਲ ਵਾਰ ਕੀਤੇ ਗਏ - ਉਨ੍ਹਾਂ ਦੀ ਪਿੱਠ 'ਤੇ 7 ਜ਼ਖ਼ਮ, ਧੜ 'ਤੇ 4 ਜ਼ਖ਼ਮ, ਸਿਰ ਦੇ ਪਿਛਲੇ ਹਿੱਸੇ 'ਤੇ 2 ਜ਼ਖ਼ਮ ਅਤੇ ਚਿਹਰੇ ਦੇ ਖੱਬੇ ਹਿੱਸੇ 1 ਜ਼ਖ਼ਮ ਹੋਇਆ ਹੈ। ਹਮਲੇ ਤੋਂ ਬਾਅਦ, ਰੈਪਰ ਦੇ ਦੋਵੇਂ ਫੇਫੜਿਆਂ ਨੇ ਕੰਮ ਕਰਨਾ ਬੰਦ ਕਰ ਦਿੱਤਾ ਸੀ ਅਤੇ ਉਨ੍ਹਾਂ ਨੂੰ ਵੈਂਟੀਲੇਟਰ 'ਤੇ ਰੱਖਿਆ ਗਿਆ ਸੀ। ਹਾਲਾਂਕਿ ਹੁਣ ਉਹ ਖੁਦ ਸਾਹ ਲੈ ਰਹੇ ਹਨ।'

ਬਿਆਨ ਵਿੱਚ ਅੱਗੇ ਕਿਹਾ ਗਿਆ ਹੈ, 'ਦਰਦ ਹੋਣ ਦੇ ਬਾਵਜੂਦ, ਉਹ ਆਮ ਵਾਂਗ ਗੱਲ ਕਰ ਰਹੇ ਹਨ, ਚੰਗੇ ਮੂਡ ਵਿੱਚ ਹਨ ਅਤੇ ਪਰਮਾਤਮਾ ਦਾ ਬਹੁਤ ਸ਼ੁਕਰਗੁਜ਼ਾਰ ਹੈ ਕਿ ਉਹ ਠੀਕ ਹੋ ਰਹੇ ਹਨ। ਉਹ ਸਾਰਿਆਂ ਦੀਆਂ ਪ੍ਰਾਰਥਨਾਵਾਂ ਅਤੇ ਸਮਰਥਨ ਲਈ ਧੰਨਵਾਦ ਕਰਨਾ ਚਾਹੁੰਦੇ ਹਨ।'

ਤੁਹਾਨੂੰ ਦੱਸ ਦੇਈਏ ਕਿ 32 ਸਾਲਾ ਰੈਪਰ ਟੋਰੀ ਲੈਨਜ਼ ਨੂੰ 2020 ਵਿੱਚ ਰੈਪਰ ਮੇਗਨ ਥੀ ਸਟੈਲੀਅਨ ਦਾ ਗੋਲੀ ਮਾਰ ਕੇ ਕਤਲ ਕਰਨ ਦੇ ਦੋਸ਼ ਵਿੱਚ ਗ੍ਰਿਫ਼ਤਾਰ ਕੀਤਾ ਗਿਆ ਸੀ।

ਉਹ 10 ਸਾਲ ਦੀ ਜੇਲ੍ਹ ਦੀ ਸਜ਼ਾ ਕੱਟ ਰਹੇ ਹਨ। ਕੈਲੀਫੋਰਨੀਆ ਸੁਧਾਰ ਵਿਭਾਗ ਦੇ ਬੁਲਾਰੇ ਨੇ ਕਿਹਾ ਕਿ ਹਮਲੇ ਦੇ ਉਦੇਸ਼ ਦਾ ਅਜੇ ਪਤਾ ਨਹੀਂ ਲੱਗ ਸਕਿਆ ਹੈ।

# ਸੋਨੂੰ ਨਿਗਮ ਨੇ ਹਾਈ ਕੋਰਟ ਦਾ ਖੜਕਾਇਆ ਦਰਵਾਜ਼ਾ, FIR ਨੂੰ ਰੱਦ ਕਰਨ ਦੀ ਕੀਤੀ ਮੰਗ

ਬੈਂਗਲੁਰੂ - ਬਾਲੀਵੁੱਡ ਗਾਇਕ ਸੋਨੂੰ ਨਿਗਮ ਨੇ ਕਰਨਾਟਕ ਹਾਈ ਕੋਰਟ ਵਿੱਚ ਪਹੁੰਚ ਕਰਕੇ ਆਪਣੇ ਖਿਲਾਫ ਦਰਜ ਢੀ੍ ਨੂੰ ਰੱਦ ਕਰਨ ਦੀ ਮੰਗ ਕੀਤੀ ਹੈ। ਗਾਇਕ 'ਤੇ ਸ਼ਹਿਰ ਵਿੱਚ ਹਾਲ ਹੀ ਵਿੱਚ ਆਯੋਜਿਤ ਇੱਕ ਸੰਗੀਤ ਸਮਾਰੋਹ ਦੌਰਾਨ ਕਥਿਤ ਤੌਰ 'ਤੇ ਇਤਰਾਜ਼ਯੋਗ ਟਿੱਪਣੀ ਕਰਨ ਅਤੇ ਕੰਨੜ ਭਾਈਚਾਰੇ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਦਾ ਦੋਸ਼ ਹੈ। ਜਸਟਿਸ ਸ਼ਿਵਸ਼ੰਕਰ ਅਮਰਨਾਵਰ ਦੀ ਛੁੱਟੀਆਂ ਵਾਲੀ ਬੈਂਚ ਨੇ ਮੰਗਲਵਾਰ ਨੂੰ ਮਾਮਲੇ ਦੀ ਸੁਣਵਾਈ ਕੀਤੀ ਅਤੇ ਇਸਨੂੰ 15 ਮਈ ਨੂੰ ਅਗਲੀ ਸੁਣਵਾਈ ਲਈ ਮੁਲਤਵੀ ਕਰ ਦਿੱਤਾ। ਕੰਨੜ ਸਮਰਥਕ ਸੰਗਠਨ ਕਰਨਾਟਕ ਰਕਸ਼ਣ ਵੇਦੀਕੇ ਦੁਆਰਾ ਦਾਇਰ ਸ਼ਿਕਾਇਤ ਦੇ ਆਧਾਰ 'ਤੇ ਅਵਲਾਹੱਲੀ ਪੁਲਸ ਸਟੇਸ਼ਨ ਵਿੱਚ ਸ਼ਿਕਾਇਤ ਦਰਜ ਕੀਤੀ ਗਈ ਸੀ।

ਸ਼ਿਕਾਇਤਕਰਤਾ ਨੇ ਦੋਸ਼ ਲਗਾਇਆ ਕਿ ਨਿਗਮ ਨੇ ਦਰਸ਼ਕਾਂ ਦੀ ਕੰਨੜ ਗੀਤ ਗਾਉਣ ਦੀ ਮੰਗ ਨੂੰ ਪਹਿਲਗਾਮ ਅੱਤਵਾਦੀ ਹਮਲੇ ਨਾਲ ਜੋੜਿਆ, ਜਿਸ ਨਾਲ ਕੰਨੜ ਲੋਕਾਂ ਨੂੰ ਅਸਹਿਣਸ਼ੀਲ ਅਤੇ ਹਿੰਸਕ ਵਜੋਂ ਦਰਸਾਇਆ ਗਿਆ। ਗਾਇਕ 'ਤੇ ਭਾਰਤੀ ਦੰਡਾਵਲੀ (ਭੰਸ਼) ਦੀਆਂ ਧਾਰਾਵਾਂ 351(2) (ਅਪਰਾਧਿਕ ਧਮਕੀ), 352(1) (ਸ਼ਾਂਤੀ ਭੰਗ ਕਰਨ ਦੇ ਇਰਾਦੇ ਨਾਲ ਜਾਣਬੁੱਝ ਕੇ ਅਪਮਾਨ), ਅਤੇ 353 (ਜਨਤਾ ਵਿਚ ਗੁੰਮਰਾਹ ਕਰਨ ਵਾਲੇ ਬਿਆਨ) ਦੇ ਤਹਿਤ ਮਾਮਲਾ ਦਰਜ ਕੀਤਾ ਗਿਆ ਹੈ। ਆਪਣੀ ਪਟੀਸ਼ਨ ਵਿੱਚ, ਗਾਇਕ ਨੇ 2 ਮਈ ਅਤੇ 3 ਮਈ ਨੂੰ ਦਾਇਰ ਸ਼ਿਕਾਇਤ ਨੂੰ ਰੱਦ ਕਰਨ ਦੀ ਮੰਗ ਕੀਤੀ ਹੈ।

ਉਨ੍ਹਾਂ ਨੇ ਮਾਮਲੇ ਦੀ ਅੱਗੇ ਦੀ ਜਾਂਚ ਨੂੰ ਰੋਕਣ ਲਈ ਅੰਤਰਿਮ ਰਾਹਤ ਦੀ ਵੀ ਮੰਗ ਕੀਤੀ ਹੈ। ਬਾਅਦ ਵਿੱਚ, ਸੋਸ਼ਲ ਮੀਡੀਆ 'ਤੇ ਜਾਰੀ ਕੀਤੇ ਇੱਕ ਵੀਡੀਓ ਬਿਆਨ ਵਿੱਚ, ਉਨ੍ਹਾਂ ਨੇ ਸਪੱਸ਼ਟ ਕੀਤਾ ਕਿ ਉਨ੍ਹਾਂ ਦੇ ਬਿਆਨ ਨੂੰ ਗਲਤ ਸਮਝਿਆ ਗਿਆ ਹੈ।



# 44 ਸਾਲ ਦੀ ਹੋਈ ਸੰਨੀ ਲਿਓਨ, ਇੰਝ ਪੁੱਜੀ ਫਰਸ਼ ਤੋਂ ਅਰਸ਼ ਤੱਕ...

ਮੁੰਬਈ (ਏਜੰਸੀ)- ਬਾਲੀਵੁੱਡ ਅਦਾਕਾਰਾ ਸੰਨੀ ਲਿਓਨ ਅੱਜ 44 ਸਾਲ ਦੀ ਹੋ ਗਈ ਹੈ। ਸੰਨੀ ਲਿਓਨ ਦਾ ਜਨਮ 13 ਮਈ 1981 ਨੂੰ ਕੈਨੇਡਾ ਦੇ ਓਨਟਾਰੀਓ ਵਿੱਚ ਹੋਇਆ ਸੀ। ਉਨ੍ਹਾਂ ਦਾ ਅਸਲੀ ਨਾਮ ਕਰਨਜੀਤ ਕੌਰ ਵੋਹਰਾ ਹੈ। ਇੱਕ ਸਿੱਖ ਪੰਜਾਬੀ ਪਰਿਵਾਰ ਵਿੱਚ ਜਨਮੀ ਸੰਨੀ ਦੇ ਪਿਤਾ ਦਾ ਜਨਮ ਤਿੱਬਤ ਵਿੱਚ ਹੋਇਆ ਸੀ ਅਤੇ ਉਨ੍ਹਾਂ ਦਾ ਪਾਲਣ-ਪੋਸ਼ਣ ਦਿੱਲੀ ਵਿੱਚ ਹੋਇਆ। ਉਨ੍ਹਾਂ ਦੀ ਮਾਂ ਹਿਮਾਚਲ ਪ੍ਰਦੇਸ਼ ਦੇ ਇੱਕ ਛੋਟੇ ਜਿਹੇ ਪਿੰਡ ਸਿਰਮੌਰ ਦੇ ਨਾਹਨ ਦੀ ਰਹਿਣ ਵਾਲੀ ਸੀ। ਉਹ ਬਚਪਨ ਤੋਂ ਹੀ ਬਹੁਤ ਚੁਸਤ ਸੀ ਅਤੇ ਮੁੰਡਿਆਂ ਨਾਲ ਹਾਕੀ ਖੇਡਦੀ ਸੀ। ਉਨ੍ਹਾਂ ਨੂੰ ਆਈਸ ਸਕੇਟਿੰਗ ਬਹੁਤ ਪਸੰਦ ਸੀ। ਪਰਿਵਾਰ ਨੇ ਸੰਨੀ ਨੂੰ ਇੱਕ ਕੈਥੋਲਿਕ ਸਕੂਲ ਵਿੱਚ ਦਾਖਲ ਕਰਵਾਇਆ, ਕਿਉਂਕਿ ਉਨ੍ਹਾਂ ਨੂੰ ਲੱਗਦਾ ਸੀ ਕਿ ਸੰਨੀ ਲਈ ਪਬਲਿਕ ਸਕੂਲ ਜਾਣਾ ਸੁਰੱਖਿਅਤ ਨਹੀਂ ਹੈ।



ਸੰਨੀ ਨੇ ਸਿਰਫ਼ 15 ਸਾਲ ਦੀ ਉਮਰ ਵਿੱਚ ਇੱਕ ਜਰਮਨ ਬੇਕਰੀ ਵਿੱਚ ਆਪਣੀ ਪਹਿਲੀ ਨੌਕਰੀ ਕੀਤੀ ਸੀ। 19 ਸਾਲ ਦੀ ਉਮਰ ਵਿੱਚ ਸੰਨੀ ਨੇ ਪੋਰਨ ਇੰਡਸਟਰੀ ਵਿੱਚ ਪ੍ਰਵੇਸ਼ ਕੀਤਾ ਅਤੇ ਜਲਦੀ ਹੀ ਪੋਰਨ ਇੰਡਸਟਰੀ ਦੀ ਕੁਈਨ ਬਣ ਗਈ। ਸਾਲ 2011 ਵਿੱਚ, ਸੰਨੀ ਨੇ ਆਪਣੇ ਬੁਆਏਫ੍ਰੈਂਡ ਅਤੇ ਅਦਾਕਾਰ ਡੈਨੀਅਲ ਵੇਬਰ ਨਾਲ ਵਿਆਹ ਕੀਤਾ। ਸਾਲ 2011 ਵਿੱਚ, ਸੰਨੀ ਮਸ਼ਹੂਰ ਰਿਐਲਿਟੀ ਸ਼ੋਅ 'ਬਿੱਗ ਬੌਸ' ਦਾ ਹਿੱਸਾ ਬਣੀ। ਇੱਕ ਦਿਨ ਫਿਲਮ ਨਿਰਮਾਤਾ ਮਹੇਸ਼ ਭੱਟ ਵੀ ਸ਼ੋਅ ਵਿੱਚ ਆਏ, ਜਿੱਥੇ ਉਨ੍ਹਾਂ ਦੀ ਨਜ਼ਰ ਸੰਨੀ 'ਤੇ ਪਈ। ਇਸ ਤੋਂ ਬਾਅਦ ਉਨ੍ਹਾਂ ਨੇ ਸੰਨੀ ਨੂੰ ਆਪਣੀ ਫਿਲਮ ਵਿੱਚ ਇੱਕ ਭੂਮਿਕਾ ਦੀ ਪੇਸ਼ਕਸ਼ ਕੀਤੀ। ਸੰਨੀ ਲਿਓਨ ਨੇ 2012 ਵਿੱਚ ਰਿਲੀਜ਼ ਹੋਈ ਫਿਲਮ 'ਜਿਸਮ 2' ਨਾਲ ਬਾਲੀਵੁੱਡ ਵਿੱਚ ਆਪਣਾ ਡੈਬਿਊ ਕੀਤਾ ਸੀ। ਇਸ ਤੋਂ ਬਾਅਦ ਸੰਨੀ ਲਿਓਨ ਨੇ ਜੈਕਪਾਟ, ਰਾਗਿਨੀ MMS, ਮਸਤੀਜ਼ਾਦੇ, ਵਨ ਨਾਈਟ ਸਟੈਂਡ, ਕੁਛ ਕੁਛ ਲੋਚਾ ਹੈ, ਓਹ ਮਾਈ ਗੋਸਟ, ਬੇਈਮਾਨ ਲਵ, ਏਕ ਪਹੇਲੀ ਲੀਲਾ ਸਮੇਤ ਕਈ ਫਿਲਮਾਂ ਵਿੱਚ ਕੰਮ ਕੀਤਾ ਹੈ। ਸੰਨੀ ਲਿਓਨ ਨੇ ਕਈ ਬਾਲੀਵੁੱਡ ਫਿਲਮਾਂ ਵਿੱਚ ਆਪਣੇ ਆਈਟਮ ਨੰਬਰਾਂ ਨਾਲ ਦਰਸ਼ਕਾਂ ਦਾ ਦਿਲ ਜਿੱਤਿਆ। ਹਿੰਦੀ ਤੋਂ ਇਲਾਵਾ, ਸੰਨੀ ਨੇ ਤਾਮਿਲ, ਤੇਲਗੂ, ਕੰਨੜ ਆਦਿ ਫਿਲਮਾਂ ਵਿੱਚ ਵੀ ਕੰਮ ਕੀਤਾ ਹੈ। ਸੰਨੀ ਲਿਓਨ ਅਤੇ ਡੈਨੀਅਲ ਨੇ ਸਾਲ 2017 ਵਿੱਚ ਨਿਸ਼ਾ ਕੌਰ ਵੇਬਰ ਨੂੰ ਗੋਦ ਲਿਆ ਸੀ। ਇਸ ਤੋਂ ਬਾਅਦ, ਮਾਰਚ 2018 ਵਿੱਚ, ਸੰਨੀ ਸਰੋਗੇਸੀ ਰਾਹੀਂ 2 ਪੁੱਤਰਾਂ, ਅਸ਼ਰ ਸਿੰਘ ਵੇਬਰ ਅਤੇ ਨੂਹ ਸਿੰਘ ਵੇਬਰ ਦੀ ਮਾਂ ਬਣੀ।

# ਦੇਸ਼-ਵਿਦੇਸ਼ ਦੇ ਨੁਮਾਇੰਦਿਆਂ ਵੱਲੋਂ 'ਸ਼ੌਂਕੀ ਸਰਦਾਰ' ਨੂੰ ਦਿੱਲੀ ਪ੍ਰੈੱਸ ਕਾਨਫਰੰਸ 'ਚ ਪ੍ਰਸ਼ੰਸਾ




ਨਵੀਂ ਦਿੱਲੀ: ਆਉਣ ਵਾਲੀ ਪੰਜਾਬੀ ਫਿਲਮ 'ਸ਼ੌਂਕੀ ਸਰਦਾਰ' ਨੂੰ ਦਿੱਲੀ 'ਚ ਹੋਈ ਇੱਕ ਵਿਸ਼ਾਲ ਪ੍ਰੈਸ ਕਾਨਫਰੰਸ ਦੌਰਾਨ ਭਾਰੀ ਪ੍ਰਸ਼ੰਸਾ ਮਿਲੀ, ਜਿੱਥੇ ਵਿਦੇਸ਼ੀ ਡਿਪਲੋਮੈਟਸ ਅਤੇ ਮੀਡੀਆ ਦੇ ਨੁਮਾਇੰਦੇ ਇਸ ਫਿਲਮ ਦੇ ਸ਼ਕਤੀਸ਼ਾਲੀ ਸੰਦੇਸ਼ ਦੀ ਸ਼ਲਾਘਾ ਕਰਨ ਵਾਸਤੇ ਇਕੱਠੇ ਹੋਏ। ਇਸ ਮੌਕੇ ਕਈ ਮੁਲਕਾਂ ਦੇ ਨੁਮਾਇੰਦਿਆਂ ਨੇ ਹਿੱਸਾ ਲਿਆ, ਜਿਵੇਂ ਕਿ ਆਰਜਨਟੀਨਾ ਦੇ ਰਾਜਦੂਤ H.E. ਮਿਸਟਰ ਮਾਰੀਆਨੋ ਅਗੁਸਟਿਨ ਕਾਉਸੀਨੋ, ਟੀਮੋਰ-ਲੇਸਟੇ ਦੇ ਚਾਰਜ ਦ'ਅਫੇਅਰ H.E. ਮਿਸਟਰ ਅੰਟੋਨਿਓ ਮਾਰੀਆ ਡੀ ਜੀਸਸ ਦੋਸ ਸਾਂਤੋਸ, ਤੰਜਾਨੀਆ ਹਾਈ ਕਮਿਸ਼ਨ ਦੇ ਹੈੱਡ ਆਫ ਚਾਂਸਰੀ ਮਿਸਟਰ ਡਿਓਗਰੇਟਿਅਸ ਜੇ. ਡੋਟੋ, ਪਾਪੁਆ ਨਿਊ ਗਿਨੀ ਦੇ ਡਿਫੈਂਸ ਐਡਵਾਈਜ਼ਰ ਕਰਨਲ ਐਡੀਸਨ ਕੈਲਯੋ ਨੈਪਿਓ, ਫਿਲੀਸਤਿਨ ਦੇ ਐਂਬੈਸੀ ਕੌਂਸਲਰ ਮਿਸਟਰ ਬਾਸਮ ਹੇਲਿਸ, ਸੋਮਾਲੀਆ ਦੇ ਕਮਰਸ਼ੀਅਲ ਅਟਾਚੇ ਮਿਸਟਰ ਅਬਦੀਰੀਸਾਕ ਸਈਦ ਨੂਰ, ਅਤੇ ਇਜ਼ਰਾਈਲ ਐਂਬੈਸੀ ਦੇ ਮੀਡੀਆ ਡਿਪਾਰਟਮੈਂਟ ਤੋਂ ਮਿਸਟਰ ਆਯੁਸ਼ਮਾਨ ਪਾਂਡੇ।

ਜ਼ਿਕਰਯੋਗ ਹੈ ਕਿ ਸ਼ੌਂਕੀ ਸਰਦਾਰ 'ਚ ਪੰਜਾਬੀ ਸੰਗੀਤ ਤੇ ਸਿਨੇਮਾ ਜਗਤ ਦੇ ਮਸ਼ਹੂਰ ਨਾਂ ਬੱਬੂ ਮਾਨ ਤੇ ਗੁਰੂ ਰੰਧਾਵਾ ਮੁੱਖ ਭੂਮਿਕਾਵਾਂ ਨਿਭਾ ਰਹੇ ਹਨ। ਉਨ੍ਹਾਂ ਦੇ ਨਾਲ ਗੱਗੂ ਗਿੱਲ, ਨਿਮਰਤ ਕੌਰ ਧਾਲੀਵਾਲ, ਹਸ਼ਨੀਨ ਚੌਹਾਨ ਅਤੇ ਸੁਨੀਤਾ ਧੀਰ ਵੀ ਸ਼ਾਨਦਾਰ ਭੂਮਿਕਾਵਾਂ 'ਚ ਨਜ਼ਰ ਆਉਣਗੇ। ਇਹ ਫਿਲਮ ਡਾਇਰੈਕਟ ਕਰ ਰਹੇ ਹਨ ਧੀਰਜ ਕੇਦਾਰਨਾਥ ਰਤਨ ਤੇ ਇਸ ਨੂੰ ਪ੍ਰੋਡਿਊਸ ਕਰ ਰਹੇ ਹਨ ਇਸ਼ਾਨ ਕਪੂਰ, ਸ਼ਾਹ ਜੰਡਿਆਲੀ, ਧਰਮਿੰਦਰ ਬਟੋਲੀ ਤੇ ਹਰਜੋਤ ਸਿੰਘ। ਫਿਲਮ ਨੂੰ ਜ਼ੀ ਸਟੂਡੀਓਜ਼, ਬੌਸ ਮਿਊਜ਼ਿਕਾ ਰਿਕਾਰਡਜ਼ ਪ੍ਰਾਈਵੇਟ ਲਿਮਟਿਡ ਅਤੇ 751 ਫਿਲਮਜ਼ ਵੱਲੋਂ ਪੇਸ਼ ਕੀਤਾ ਗਿਆ ਹੈ। ਪੰਜਾਬੀ ਸੱਭਿਆਚਾਰ, ਬਹਾਦੁਰੀ ਤੇ ਪਹਚਾਣ 'ਤੇ ਆਧਾਰਿਤ ਇਹ ਕਹਾਣੀ ਵਿਸ਼ਵ ਭਰ ਦੇ ਦਰਸ਼ਕਾਂ ਨੂੰ ਪ੍ਰੇਰਿਤ ਕਰਨ ਦਾ ਇਰਾਦਾ ਰੱਖਦੀ ਹੈ। ਅੰਤਰਰਾਸ਼ਟਰੀ ਮਾਨਤਾ ਪ੍ਰਾਪਤ ਕਦਰਦਾਨਾਂ ਦੀ ਮੌਜੂਦਗੀ ਇਸ ਗੱਲ ਦੀ ਗਵਾਹੀ ਦਿੰਦੀ ਹੈ ਕਿ ਸ਼ੌਂਕੀ ਸਰਦਾਰ ਇਕ ਵਿਸ਼ਵ ਪੱਧਰੀ ਕਲਾ ਰਚਨਾ ਹੈ।



# ਹਲਦੀ

ਹਲਦੀ ਦਾ ਸੇਵਨ ਸਾਰੇ ਔਰਤਾਂ, ਮਰਦ, ਬੱਚੇ ਬੁੱਢੇ ਕਰ ਸਕਦੇ ਹਨ। ਇਸਦੀ ਵਰਤੋਂ ਨਾਲ ਨੁਕਸਾਨ ਹੋਣ ਦੀ ਸੰਭਾਵਨਾ ਨਹੀਂ ਹੈ। ਹਲਦੀ ਵਾਤ, ਪਿੱਤ, ਕਫ਼ ਤਿੰਨਾਂ ਵਿਕਾਰਾਂ ਨੂੰ ਸੁਧਾਰਦੀ ਹੈ। ਕਫ਼ (ਬਲਗਮ) ਤੇ ਹਲਦੀ ਦਾ ਅਸਰ ਵੱਧ ਹੁੰਦਾ ਹੈ। ਸਰੀਰ ਵਿਚ ਬਲਗਮ ਬਣਨ ਤੋਂ ਰੋਕਦੀ ਹੈ ਅਤੇ ਬਲਗਮ ਤੋਂ ਪੈਦਾ ਹੋਏ ਕਸ਼ਟਾਂ ਦਾ ਨਿਵਾਰਣ ਕਰਦੀ ਹੈ। ਹਲਦੀ ਦੀ ਸਥਾਨਕ ਵਰਤੋਂ ਲੇਪ ਵਜੋਂ ਕੀਤੀ ਜਾਂਦੀ ਹੈ। ਲੇਪ ਚੋਟ, ਮੋਚ, ਫੋੜੇ, ਫੁੰਨਸੀ, ਜ਼ਹਿਰੀਲੇ ਕੀੜੇ-ਮਕੌੜੇ ਦੇ ਕੱਟਣ ਤੇ ਕੀਤਾ ਜਾਂਦਾ ਹੈ। ਇਸ ਨਾਲ ਦਰਦ ਘਟ ਜਾਂਦਾ ਹੈ, ਲਹੂ ਜੰਮ ਗਿਆ ਹੋਵੇ ਤਾਂ ਫ਼ੈਲ ਜਾਂਦਾ ਹੈ। ਹਲਦੀ ਸਰੀਰਕ ਸ਼ਕਤੀ ਵਧਾਉਂਦੀ ਹੈ। ਗੈਸ ਤੋਂ ਛੁਟਕਾਰਾ ਦਿਵਾਉਂਦੀ ਹੈ। ਪਾਚਣ ਕ੍ਰਿਆ ਨੂੰ ਮਜ਼ਬੂਤ ਬਣਾਉਂਦੀ ਹੈ। ਕੋਲੇਸਟਰੋਲ ਨੂੰ ਘਟਾਉਂਦੀ ਹੈ। ਹਲਦੀ ਦਾ ਇਕ ਮੁੱਖ ਅੰਸ਼ ਕਰਕਿਊਮਿਨ, ਡਿਸਪੇਪਸੀਆ (ਬਦ ਹਜ਼ਮੀ) ਦੀ ਪੀੜਾ 80-90 ਪ੍ਰਤੀਸ਼ਤ ਘੱਟ ਕਰ ਦਿੰਦੀ ਹੈ। ਹਲਦੀ ਸਿਰ ਦਰਦ, ਮਾਸਪੇਸ਼ੀਆਂ ਦਾ ਦਰਦ, ਜੋੜਾਂ ਦੇ ਦਰਦ ਵਿਚ ਆਰਾਮ ਪਹੁੰਚਾਉਂਦੀ ਹੈ। ਇਹ ਅਲਜੀਮਰਜ ਡਿਜੀਜ ਦੀ ਰੋਕਥਾਮ ਵਿਚ ਵੀ ਮੱਦਦ ਕਰਦੀ ਹੈ। ਹਲਦੀ ਵਿਚ ਮਿਲਣ ਵਾਲਾ ਕਰਕਿਊਮਨ ਤੋਂ ਕੈਂਸਰ ਦੀਆਂ ਕਈ ਦਵਾਈਆਂ ਬਣਾਈਆਂ ਜਾਂਦੀਆਂ ਹਨ। ਹਲਦੀ ਸਰੀਰ ਵਿਚ ਰਕਤ ਪ੍ਰਵਾਹ ਨੂੰ ਤੇਜ ਕਰਦੀ ਹੈ। ਸਰੀਰ ਵਿਚ ਦਰਦ, ਖਾਂਸੀ-ਜੁਕਾਮ, ਸੋਜ ਆਦਿ ਹੋਣ ਤੇ ਤੁਸੀਂ ਦੁੱਧ ਵਿਚ ਹਲਦੀ ਮਿਲਾਕੇ ਪੀਂਦੇ ਹੀ ਹੋਵੋਗੇ। ਹਲਦੀ ਐਂਟੀਬਾਇਉਟਿਕ, ਐਂਟੀਅਲਰਜਕ ਵੀ ਹੈ।



- ਅਨੇਕਾਂ ਅੰਸ਼ਾਂ ਦੇ ਨਾਲ ਹਲਦੀ ਵਿਚ ਚਾਰ ਤੋਂ ਚੌਦਾਂ ਪ੍ਰਤੀਸ਼ਤ ਮਹੱਤਵਪੂਰਨ ਤੇਲ (Essential oil) ਅਤੇ ਪੰਜ ਤੋਂ ਵੀਹ ਪ੍ਰਤੀਸ਼ਤ ਮਿਨਰਲਜ਼ (ਖਣਿਜ) ਮਿਲਦੇ ਹਨ। ਕਰਕਿਊਮਿਨ ਦੇ ਕਾਰਨ ਹੀ ਹਲਦੀ ਦਾ ਰੰਗ ਪੀਲਾ ਹੁੰਦਾ ਹੈ। ਇਸਦੇ ਤੇਲ ਵਿਚ ਜਵਾਵਾਉਨ, ਅਰਜਵਾਵਾਉਨ ਅਤੇ ਟਰਮਰਿਕ ਵਰਗੇ ਜੀਵਨ-ਰੱਖਿਅਕ ਪਦਾਰਥ ਹੁੰਦੇ ਹਨ। ਜਿਹੜੇ ਜੀਵਨ ਦੇ ਲਈ ਕੁਦਰਤੀ ਪ੍ਰਤੀਰੋਧਕ ਸ਼ਕਤੀ ਵਧਾਉਂਦੇ ਹਨ। ਹਲਦੀ ਦੇ ਸੇਵਨ ਨਾਲ ਸੰਨਾਯੂ ਤੰਤਰ ਦੇ ਅਨੇਕਾਂ ਰੋਗਾਂ ਵਿਚ ਲਾਭ ਮਿਲਦਾ ਹੈ। ਹਲਦੀ ਪ੍ਰਦਾਹਕਰੋਸੀ ਵੀ ਹੁੰਦੀ ਹੈ। ਹਲਦੀ ਪਾਚਣ ਕ੍ਰਿਆ ਠੀਕ ਰੱਖਦੀ ਹੈ। ਸਰੀਰ ਨੂੰ ਸੰਕਰਮਣ ਵਿਰੁੱਧ ਲੜਨ ਦੀ ਤਾਕਤ ਦਿੰਦੀ ਹੈ, ਦਿਲ ਦੇ ਦੌਰੇ ਤੋਂ ਬਚਾਉਂਦੀ ਹੈ। ਹਲਦੀ ਵਿਚ ਇਕ ਖਾਸ ਕਿਸਮ ਦਾ ਉਡਣਸ਼ੀਲ ਤੇਲ 5.8 ਪ੍ਰਤੀਸ਼ਤ ਹੁੰਦਾ ਹੈ। ਤੇਲ ਵਿਚ ਕਰਕਿਊਮਿਕ ਨਾਮੀਂ ਟਰਪੈਂਟ (Terpent) ਹੁੰਦਾ ਹੈ। ਜੋ ਰਕਤ ਦੀਆਂ ਧਮਣੀਆਂ ਵਿਚ ਇਕੱਤਰ ਕੋਲੈਸਟਰੋਲ ਨੂੰ ਘੋਲਣ ਦੀ ਸਮਰੱਥਾ ਰੱਖਦਾ ਹੈ। ਇਸਦੇ ਇਲਾਵਾ ਹਲਦੀ ਵਿਚ ਵਿਟਾਮਨ ਏ, ਪ੍ਰੋਟੀਨ 6.3 ਪ੍ਰਤੀਸ਼ਤ, ਕਾਰਬੋਹਾਈਡਰੇਟਸ 69.4 ਪ੍ਰਤੀਸ਼ਤ ਅਤੇ ਖਣਿਜ 3.5 ਪ੍ਰਤੀਸ਼ਤ ਮਿਲਦੇ ਹਨ। ਇਸ ਵਿਚ ਅਨੇਕਾਂ ਰਸਾਇਣ ਹੁੰਦੇ ਹਨ।

ਹਲਦੀ ਵਿਚ ਜੀਵਾਣੂੰਆਂ ਨੂੰ ਨਸ਼ਟ ਕਰਨ ਦੀ ਵਚਿੱਤਰ ਸ਼ਕਤੀ ਹੁੰਦੀ ਹੈ। ਹਲਦੀ ਰਕਤ ਨੂੰ ਸ਼ੁੱਧ ਕਰਦੀ ਹੈ। ਵੀਰਜ ਸਬੰਧੀ ਵਿਕਾਰਾਂ ਵਿਚ ਹਲਦੀ ਦੇ ਸੇਵਨ ਤੇ ਬਹੁਤ ਲਾਭ ਹੁੰਦਾ ਹੈ। ਹਲਦੀ ਵਾਤ (ਗੈਸ) ਵਿਕਾਰਾਂ ਨੂੰ ਵੀ ਦੂਰ ਕਰਦੀ ਹੈ। ਹਲਦੀ ਦੇ ਸੇਵਨ ਨਾਲ ਲਹੂ ਦੀ ਘਾਟ ਵੀ ਪੂਰੀ ਹੋ ਜਾਂਦੀ ਹੈ। ਜੈਵ-ਵਿਗਿਆਨਕਾਂ ਦੀ ਮਾਨਤਾ ਹੈ ਕਿ ਹਲਦੀ, ਲੌਂਗ, ਕੱਥਾ, ਵਿਟਾਮਨ ਈ ਵਿਟਾਮਨ ਸੀ ਦੀ ਵਰਤੋਂ ਰੋਗਾਂ ਤੋਂ ਬਚਾ ਕਰ ਸਕਦੀ ਹੈ। ਦਿਲ ਦੇ ਰੋਗਾਂ ਵਿਚ ਹਲਦੀ ਤੇ ਲੌਂਗਾਂ ਦਾ ਤੇਲ ਹਿੱਤਕਾਰੀ ਹੁੰਦਾ ਹੈ।

ਹਲਦੀ ਚਾਰ ਕਿਸਮਾਂ ਦੀ ਹੁੰਦੀ ਹੈ :

| ਲੜੀ ਨੰ: | ਨਾਮ | ਬਨਸਪਤੀ ਵਿਗਿਆਨਕ ਨਾਮ |
|---|---|---|
| 1. | ਰੋਜ਼ਾਨਾ ਵਰਤੋਂ ਵਾਲੀ ਹਲਦੀ | ਕੁਰਕੁਮਾ ਲੌਂਗਾ |
| 2. | ਚਾਰੂ ਹਲਦੀ | ਬਰਬੇਰਿਸ ਅਰਿਸਟਾਟਾ ਜਾਤੀ ਦੀ ਹਲਦੀ |
| 3. | ਆਮਾ ਹਲਦੀ | ਕਰਕੁਮਾ ਆਮਾਡਾ |
| 4. | ਵਣ ਹਲਦੀ | ਕਰਕੁਮਾ ਏਰੋਮੇਟਿਕਾ |

ਇਹਨਾਂ ਚਾਰੇ ਕਿਸਮ ਦੀਆਂ ਹਲਦੀਆਂ ਦੇ ਗੁਣ ਇਕੋ ਜਿਹੇ ਹੀ ਹਨ। ਪਰੰਤੂ ਦਾਰੂ ਹਲਦੀ ਪੱਥਰੀ ਅਤੇ ਆਮਾ ਹਲਦੀ ਦੀ ਵਰਤੋਂ ਚੋਟ ਲੱਗਣ ਤੇ ਕੀਤੀ ਜਾਂਦੀ ਹੈ। ਜੇ ਕੋਈ ਖਾਸ ਕਿਸਮ ਦੀ ਹਲਦੀ ਨਾ ਮਿਲੇ ਤਾਂ ਰੋਜ਼ਾਨਾ ਵਰਤੋਂ ਵਾਲੀ ਹਲਦੀ ਹੀ ਇਸਤੇਮਾਲ ਕੀਤੀ ਜਾ ਸਕਦੀ ਹੈ।

- ਫੋੜਾ : ਇਕ ਪਿਆਜ ਨੂੰ ਭੁੱਬਲ ਵਿਚ ਭੁੰਨਕੇ ਇਸ ਦੀਆਂ ਚਾਰ ਪਰਤਾਂ ਲੈ ਕੇ ਉਹਨਾਂ ਤੇ ਪੀਸੀ ਹੋਈ ਹਲਦੀ ਭੁੱਕ ਕੇ ਜਿੰਨਾ ਗਰਮ ਸ਼ਹਿਣ ਹੋ ਸਕੇ ਉਤਨੀ ਗਰਮ ਪਰਤਾਂ ਫੋੜੇ ਤੇ ਰੱਖ ਕੇ ਉਪਰ ਪਿੱਪਲ ਦਾ ਪੱਤਾ ਰੱਖਕੇ ਪੱਟੀ ਬੰਨ੍ਹ ਦੇਵੋ। ਇਸ ਪ੍ਰਕਾਰ ਰੋਜ਼ਾਨਾ ਸੁਬਾਹ-ਸ਼ਾਮ ਦੋ ਵਾਰੀ ਪੱਟੀ ਬੰਨ੍ਹੋ। ਇਸ ਨਾਲ ਜਾਂ ਤਾਂ ਫੋੜਾ ਬੈਠ ਜਾਵੇਗਾ ਜਾ ਪੱਕ ਕੇ ਫਿੱਸ ਜਾਵੇਗਾ।
- ਕੀੜੇ : ਅੱਧਾ ਚਮਚਾ ਪੀਸੀ ਹੋਈ ਹਲਦੀ ਦੀ ਫੱਕੀ ਗਰਮ ਪਾਣੀ ਨਾਲ ਦੋ ਹਫ਼ਤੇ ਤੱਕ ਸੁਬਾਹ-ਸ਼ਾਮ ਦੋ ਵਾਰੀ ਸੇਵਨ ਕਰਨ ਨਾਲ ਪੇਟ ਦੇ ਕੀੜੇ ਮਰ ਜਾਂਦੇ ਹਨ।
- ਟੌਂਸਿਲਾਂ ਦੀ ਸੋਜ : ਪੀਸੀ ਹੋਈ ਅੱਧਾ ਚਮਚਾ ਹਲਦੀ ਇਕ ਕੱਪ ਗਰਮ ਦੁੱਧ ਵਿਚ ਘੋਲਕੇ ਰਾਤ ਨੂੰ ਸੌਣ ਸਮੇਂ ਹਰ ਰੋਜ਼ ਕੁੱਝ ਦਿਨ ਪੀਵੋ। ਇਸ ਨਾਲ ਟੌਂਸਿਲਾਂ ਦੀ ਸੋਜ ਨੂੰ ਆਰਾਮ ਆ ਜਾਂਦਾ ਹੈ। ਇਹ ਪ੍ਰਯੋਗ ਕੁੱਝ ਹਫ਼ਤੇ ਕਰੋ।
- ਦਮਾ (ਅਸਥਮਾ) : ਪੀਸੀ ਹੋਈ ਹਲਦੀ 60 ਗ੍ਰਾਮ ਵਿਚ ਚਾਰ ਚਮਚੇ ਸ਼ੁੱਧ ਦੇਸੀ ਘਿਉ ਪਾ ਕੇ ਭੁੰਨਕੇ ਸ਼ੀਸ਼ੀ ਵਿਚ ਭਰ ਲਵੋ। ਇਸਦਾ ਅੱਧਾ ਚਮਚਾ ਤਿੰਨ ਵਾਰੀ ਰੋਜ਼ਾਨਾਂ ਗਰਮ ਦੁੱਧ ਨਾਲ ਫੱਕੀ ਲਵੋ। ਖਾਂਸੀ ਸਾਹ ਵਿਚ ਲਾਭ ਹੋਵੇਗਾ ਅਤੇ ਦਮੇ ਦਾ ਦੌਰਾ ਨਹੀਂ ਪਵੇਗਾ।
- ਨਹੁੰ ਪੱਕਣਾ : ਕਣਕ ਦਾ ਆਟਾ ਕੱਪੜਛਾਣ ਕਰਕੇ ਪੀਸੀ ਹਲਦੀ ਪਾਣੀ ਮਿਲਾਕੇ ਪੁਲਟਿਸ ਬਣਾਕੇ ਸੇਕ ਦੇਵੋ ਜਾਂ ਨਹੁੰ ਤੇ ਬੰਨ੍ਹ ਦੇਵੋ। ਨਹੁੰ ਠੀਕ ਹੋ ਜਾਵੇਗਾ।
- ਦਰਦ : ਇਕ ਗਿਲਾਸ ਗਰਮ ਦੁੱਧ ਵਿਚ ਇਕ ਚਮਚਾ ਹਲਦੀ ਮਿਲਾਕੇ ਪੀਣ ਨਾਲ ਸਰੀਰ ਦਾ ਦਰਦ ਦੂਰ ਹੋ ਜਾਂਦਾ ਹੈ।
- ਸੁੰਦਰਤਾ ਵਰਧਕ : ਦੁੱਧ ਦੀ ਮਲਾਈ ਵਿਚ ਹਲਦੀ ਮਿਲਾਕੇ ਚਿਹਰੇ ਤੇ ਮਲਣ ਨਾਲ ਦਾਗ ਧੱਬੇ ਮਿਟ ਜਾਂਦੇ ਹਨ ਅਤੇ ਸੁੰਦਰਤਾ ਵਿਚ ਵਾਧਾ ਹੁੰਦਾ ਹੈ। ਹਲਦੀ ਤੇ ਤਿਲ ਇਕੋ ਜਿਹੀ ਮਾਤਰਾ ਵਿਚ ਪਾਣੀ ਪਾ ਕੇ ਪੀਸਕੇ ਚਿਹਰੇ ਤੇ ਮਲੋ। ਛਾਹੀਆਂ, ਧੱਬੇ ਖਤਮ ਹੋ ਜਾਂਦੇ ਹਨ।
- ਚੋਟ ਲੱਗਣਾ : ਕਿਧਰੇ ਵੀ ਚੋਟ ਲੱਗੀ ਹੋਵੇ, ਚੋਟ ਕਾਰਨ ਸੋਜ਼ ਆ ਗਈ ਹੋਵੇ ਤਾਂ ਦੋ ਭਾਗ ਪੀਸੀ ਹੋਈ ਹਲਦੀ ਇਕ ਭਾਗ ਚੂਨਾ ਮਿਲਾਕੇ ਲੇਪ ਕਰਨ ਨਾਲ ਦਰਦ ਦੂਰ ਹੋ ਜਾਵੇਗਾ।
- ਜ਼ਖ਼ਮ : ਹਲਦੀ ਦੀ ਗੰਢੀ ਪਾਣੀ ਵਿਚ ਪੀਸਕੇ ਲੇਪ ਕਰਨ ਨਾਲ ਜ਼ਖ਼ਮ ਦੇ ਕੀੜੇ ਮਰ ਜਾਂਦੇ ਹਨ। ਜ਼ਖਮ ਤੇ ਪੀਸੀ ਹੋਈ ਹਲਦੀ ਭੁੱਕਣ ਨਾਲ ਜ਼ਖਮ ਜਲਦੀ ਭਰ ਜਾਂਦਾ ਹੈ।
- ਪੀਲੀਆ : ਇਕ ਚਮਚਾ ਪੀਸੀ ਹੋਈ ਹਲਦੀ, ਦੋ ਚਮਚੇ ਦਹੀਂ ਵਿਚ ਮਿਲਾਕੇ ਚੱਟਣ ਨਾਲ ਪੀਲੀਏ ਤੋਂ ਰਾਹਤ ਮਿਲਦੀ ਹੈ।
- ਜੁਕਾਮ : ਪੰਜ ਕਾਲੀਆਂ ਮਿਰਚਾਂ ਪੀਸਕੇ ਅੱਧਾ ਚਮਚਾ ਪੀਸੀ ਹੋਈ ਹਲਦੀ ਵਿਚ ਮਿਲਾਕੇ ਗਰਮ ਪਾਣੀ ਵਿਚ ਘੋਲਕੇ ਪੀ ਲਵੋ। ਜੁਕਾਮ ਠੀਕ ਹੋ ਜਾਵੇਗਾ। ਇਸ ਨੂੰ ਪੀਣ ਦੇ ਬਾਦ ਇਕ ਘੰਟੇ ਤੱਕ ਪਾਣੀ ਨਾ ਪੀਵੋ।
- ਰਕਤ ਸ਼ੋਧਕ : ਅੱਧਾ ਚਮਚਾ ਹਲਦੀ, ਇਕ ਚਮਚਾ ਪੀਸਿਆ ਹੋਇਆ ਔਲ਼ਾ ਮਿਲਾਕੇ ਗਰਮ ਪਾਣੀ ਨਾਲ ਫੱਕੀ ਲਵੋ। ਲਹੂ ਸਾਫ਼ ਹੋ ਜਾਵੇਗਾ।
- ਖਾਂਸੀ : ਜੇਕਰ ਜੁਕਾਮ ਦੇ ਬਾਦ ਖਾਂਸੀ ਹੋਵੇ ਤਾਂ ਇਕ ਚਮਚਾ ਹਲਦੀ, ਇਕ ਕੱਪ ਗਰਮ ਦੁੱਧ ਵਿਚ ਘੋਲਕੇ ਪੀਣ ਨਾਲ ਲਾਭ ਹੁੰਦਾ ਹੈ। ਹਲਦੀ ਦੀਆਂ ਗੱਠੀਆਂ ਭੁੰਨਕੇ ਪੀਸ ਲਵੋ। ਅੱਧਾ ਚਮਚਾ ਫੱਕੀ ਹਰ ਰੋਜ਼ ਗਰਮ ਪਾਣੀ ਨਾਲ ਲਵੋ। ਸੁੱਕੀ ਖਾਂਸੀ ਵਿਚ ਗੁਣਕਾਰੀ ਹੈ।
- ਮਰਦਾਨਾ ਸ਼ਕਤੀ ਵਰਧਕ : ਕੱਚੀ ਹਲਦੀ ਦਾ ਰਸ ਦੋ ਚਮਚੇ, ਐਨੀ ਹੀ ਮਾਤਰਾ ਵਿਚ ਸ਼ਹਿਦ ਮਿਲਾਕੇ ਇਕ ਵਾਰੀ ਹਰ ਰੋਜ਼ ਚੱਟੋ।
- ਪੀਸੀ ਹੋਈ ਹਲਦੀ 250 ਗ੍ਰਾਮ, ਗਊ ਜਾਂ ਮੱਝ ਦੇ ਘਿਉ ਵਿਚ ਭੁੰਨਕੇ ਇਸ ਵਿਚ 250 ਗ੍ਰਾਮ ਪੀਸੀ ਹੋਈ ਮਿਸਰੀ ਮਿਲਾਕੇ ਹਰ ਰੋਜ਼ ਸੌਣ ਵਕਤ ਗਰਮ ਦੁੱਧ ਨਾਲ ਫੱਕੀ ਲਵੋ। ਲਾਭ ਹੋਵੇਗਾ।
- ਨਿਮੋਨੀਆ : ਤਿੰਨ ਛੁਹਾਰੇ, ਲਸਣ ਦੀਆਂ ਗੰਢੀਆਂ, ਪੀਸੀ ਹੋਈ ਹਲਦੀ ਇਕ ਚਮਚਾ ਅੱਧਾ ਕਿਲੋ ਦੁੱਧ ਵਿਚ ਚੰਗੀ ਤਰ੍ਹਾਂ ਉਬਾਲੋ। ਉਬਾਲਣ ਤੋਂ ਬਾਦ ਠੰਢਾ ਕਰ ਲਵੋ। ਪੀਣ ਯੋਗ ਗਰਮ ਰਹਿਣ ਦੇਵੋ। ਛੁਹਾਰੇ ਖਾ ਲਵੋ ਤੇ ਦੁੱਧ ਪੀ ਲਵੋ। ਖੇਸ ਲੈ ਕੇ ਪੈ ਜਾਵੋ। ਸਰੀਰ ਨੂੰ ਹਵਾ ਨਾ ਲੱਗੇ। ਬੱਚੇ ਨੂੰ ਅੱਧੀ ਖੁਰਾਕ ਦੇਵੋ। ਨਿਮੋਨੀਏ ਤੋਂ ਰਾਹਤ ਮਿਲੇਗੀ।

# .ਫਲਾਂ ਅਤੇ ਸਬਜ਼ੀਆਂ ਰਾਹੀਂ ਰੋਗਾਂ ਦਾ ਸਸਤਾ ਘਰੇਲੂ ਇਲਾਜ

- ਅੰਗੂਰ ਹੇਠਾਂ ਦਰਜ ਰੋਗਾਂ ਵਿਚ ਗੁਣਕਾਰੀ ਹੁੰਦਾ ਹੈ।
- ਜੁਕਾਮ – ਹਰ ਰੋਜ਼ ਤਕਰੀਬਨ ਪੰਜਾਹ ਗ੍ਰਾਮ ਅੰਗੂਰ ਖਾਂਦੇ ਰਹਿਣ ਨਾਲ ਵਾਰ-ਵਾਰ ਜੁਕਾਮ ਲੱਗਣਾ ਬੰਦ ਹੋ ਜਾਂਦਾ ਹੈ।
- ਗਠੀਆ – ਅੰਗੂਰ ਦਾ ਇਹ ਇਕ ਖਾਸ ਗੁਣ ਹੈ ਕਿ ਇਹ ਸਰੀਰ ਵਿਚੋਂ ਉਹਨਾਂ ਲੂਣਾਂ ਨੂੰ ਬਾਹਰ ਕੱਢ ਦਿੰਦਾ ਹੈ ਜਿਹਨਾਂ ਕਾਰਨ ਸਰੀਰ ਵਿਚ ਗਠੀਆ ਬਣਦਾ ਹੈ। ਗਠੀਆ ਦੇ ਰੋਗ ਤੋਂ ਛੁਟਕਾਰਾ ਪਾਉਣ ਲਈ ਸੁਬਾਹ-ਸੁਬਹਾ ਅੰਗੂਰ ਦਾ ਸੇਵਨ ਕਰਨਾ ਚਾਹੀਦਾ ਹੈ।
- ਚੇਚਕ – ਅੰਗੂਰਾਂ ਨੂੰ ਗਰਮ ਪਾਣੀ ਨਾਲ ਧੋ ਕੇ ਖਾਣ ਨਾਲ ਲਾਭ ਹੁੰਦਾ ਹੈ।
- ਮਿਰਗੀ – ਮਿਰਗੀ ਦੇ ਰੋਗੀਆਂ ਨੂੰ ਅੰਗੂਰ ਖਾਣਾ ਬਹੁਤ ਹਿਤਕਾਰੀ ਹੁੰਦਾ ਹੈ।
- ਬੁਖਾਰ – ਸਾਰੀਆਂ ਕਿਸਮਾਂ ਦੇ ਬੁਖਾਰਾਂ ਵਿਚ ਅੰਗੂਰ ਦਾ ਸੇਵਨ ਕਰਨਾ ਲਾਭ ਕਰਦਾ ਹੈ। ਇਹ ਟਾਈਫ਼ਾਈਡ ਅਤੇ ਵਾਇਰਲ ਬੁਖਾਰ ਦਾ ਵੀ ਇਲਾਜ ਕਰਦਾ ਹੈ।
- ਅੱਧੇ ਸਿਰ ਦਾ ਦਰਦ – ਅੰਗੂਰਾਂ ਦਾ ਰਸ ਇੱਕ ਕੱਪ ਰੋਜ਼ਾਨਾ ਸੂਰਜ ਨਿਕਲਣ ਤੋਂ ਪਹਿਲਾਂ ਪੀਣ ਨਾਲ ਅੱਧੇ ਸਿਰ ਦਾ ਦਰਦ ਹਟ ਜਾਂਦਾ ਹੈ। ਇਹ ਦਰਦ ਜਿਵੇਂ-ਜਿਵੇਂ ਸੂਰਜ ਚੜ੍ਹਦਾ ਜਾਂਦਾ ਹੈ ਵੱਧ ਹੁੰਦਾ ਜਾਂਦਾ ਹੈ। ਬਹੁਤ ਹੀ ਕਸ਼ਟਦਾਇਕ ਹੈ।
- ਦਮਾ – ਦਮੇ ਦੇ ਰੋਗੀਆਂ ਨੂੰ ਅੰਗੂਰ ਖਾਣ ਨਾਲ ਬਹੁਤ ਰਾਹਤ ਮਿਲਦੀ ਹੈ। ਥੁੱਕ ਵਿਚ ਖ਼ੂੰਨ ਆਉਣ ਨੂੰ ਵੀ ਆਰਾਮ ਆ ਜਾਂਦਾ ਹੈ।
- ਖਾਂਸੀ – ਇਹ ਇੱਕ ਪ੍ਰਵਾਨਿਤ ਸੱਚ ਹੈ ਕਿ ਅੰਗੂਰ ਖਾਂਦੇ ਰਹਿਣ ਨਾਲ ਕਮਜ਼ੋਰ ਫੇਫੜੇ ਮਜ਼ਬੂਤ ਹੁੰਦੇ ਹਨ। ਜੁਕਾਮ-ਖਾਂਸੀ ਖਤਮ ਹੋ ਜਾਂਦੀ ਹੈ। ਜੰਮੀ ਹੋਈ ਬਲਗਮ ਬਾਹਰ ਨਿੱਕਲ ਜਾਂਦੀ ਹੈ। ਇਸ ਗੱਲ ਦਾ ਧਿਆਨ ਰੱਖੋ ਕਿ ਅੰਗੂਰ ਖਾਣ ਦੇ ਮਗਰੋਂ ਪਾਣੀ ਨਾ ਪੀਵੋ।
- ਸੁੱਕੀ ਖੰਘ ਨੇ ਤੰਗ-ਪ੍ਰੇਸ਼ਾਨ ਕਰਿਆ ਹੋਵੇ ਤਾਂ ਔਲਾ, ਛੋਟੀ ਪਿਪਲ, ਕਾਲੀ ਮਿਰਚ ਅਤੇ ਮੁਨੱਕਾ ਇੱਕੋ ਜਿਹੀ ਮਾਤਰਾ ਵਿਚ ਲੈ ਕੇ ਇੱਕ-ਇੱਕ ਚਮਚਾ, ਸੁਬਾਹ-ਸ਼ਾਮ ਸ਼ਹਿਦ ਨਾਲ ਸੇਵਨ ਕਰਨ ਨਾਲ ਸੁੱਕੀ ਖੰਘ ਠੀਕ ਹੋ ਜਾਂਦੀ ਹੈ।
- ਬੱਚਿਆਂ ਦੀ ਕਬਜ਼ – ਜੇਕਰ ਬੱਚੇ ਨੂੰ ਕਬਜ਼ ਹੋਵੇ ਤਾਂ ਉਸਨੂੰ ਹਰ ਰੋਜ਼ ਦੋ ਚਮਚੇ ਅੰਗੂਰ ਦਾ ਰਸ ਸੁਬਾਹ ਸ਼ਾਮ ਪਿਲਾਵੋ। ਕਬਜ਼ ਖਤਮ ਹੋ ਜਾਏਗੀ।
- ਘਬਰਾਹਟ – ਕਈ ਵਾਰੀ ਸਾਨੂੰ ਬਹੁਤ ਘਬਰਾਹਟ ਹੋਣ ਲੱਗਦੀ ਹੈ। ਅੰਗੂਰ ਦੇ ਸੇਵਨ ਕਰਨ ਨਾਲ ਘਬਰਾਹਟ ਦੂਰ ਹੋ ਜਾਂਦੀ ਹੈ।
- ਕਬਜ਼ – ਕਬਜ਼ ਬਹੁਤ ਹੀ ਨਾ-ਮੁਰਾਦ ਅਲਾਮਤ ਹੈ ਅਤੇ ਸੈਂਕੜੇ ਰੋਗਾਂ ਦੀ ਜੜ੍ਹ ਹੈ। ਇਸਨੂੰ ਦੂਰ ਕਰਨ ਦੇ ਲਈ ਸੇਂਧਾ ਨਮਕ ਅਤੇ ਕਾਲੀ ਮਿਰਚ ਦਾ ਚੂਰਣ ਖਾਣ ਨਾਲ ਕਬਜ਼ ਦੂਰ ਹੋ ਜਾਂਦੀ ਹੈ।
- ਦੁੱਧ-ਪਾਚਣ :- ਬਹੁਤ ਸਾਰੇ ਵਿਅਕਤੀ ਅਜਿਹੇ ਹੁੰਦੇ ਹਨ ਜਿਹਨਾਂ ਨੂੰ ਦੁੱਧ ਹਜ਼ਮ ਨਹੀਂ ਆਉਂਦਾ। ਦੁੱਧ ਪੀਣ ਨਾਲ ਗੈਸ ਬਣ ਜਾਂਦੀ ਹੈ। ਉਹਨਾਂ ਨੂੰ ਦੁੱਧ ਅਤੇ ਮੁਨੱਕਾ ਇਕੱਠਿਆਂ ਸੇਵਨ ਕਰਨ ਨਾਲ ਇਹ ਸਮੱਸਿਆ ਖਤਮ ਹੋ ਜਾਂਦੀ ਹੈ।
- ਮੂੰਹ ਸੁੱਕਣਾ – ਅੰਗੂਰ ਦਾ ਇਹ ਗੁਣ ਹੈ ਕਿ ਇਸਦੇ ਖਾਣ ਨਾਲ ਪਿਆਸ ਬੁਝ ਜਾਂਦੀ ਹੈ। ਅਕਸਰ ਬੁਖਾਰ ਆਦਿ ਵਿਚ ਮੂੰਹ ਸੁੱਕਣ ਲੱਗ ਜਾਂਦਾ ਹੈ। ਅੰਗੂਰ ਦੇ ਸੇਵਨ ਨਾਲ ਇਹ ਤਕਲੀਫ ਖਤਮ ਹੋ ਜਾਂਦੀ ਹੈ।
- ਗੁਰਦੇ ਦਾ ਦਰਦ – ਅੰਗੂਰ ਦੀ ਵੇਲ ਦੇ 30 ਗ੍ਰਾਮ ਪੱਤਿਆਂ ਨੂੰ ਪੀਸਕੇ, ਪਾਣੀ ਮਿਲਾਕੇ, ਲੂਣ ਮਿਲਾਕੇ ਪੀਣ ਨਾਲ ਗੁਰਦੇ ਦੇ ਦਰਦ ਤੋਂ ਮਰੀਜ ਨੂੰ ਬਹੁਤ ਰਾਹਤ ਮਿਲਦੀ ਹੈ।
- ਲਹੂ ਵਗਣਾ – 100 ਗ੍ਰਾਮ ਅੰਗੂਰ ਹਰ ਰੋਜ਼ ਖਾਂਦੇ ਰਹਿਣ ਨਾਲ ਨੱਕ, ਮੂੰਹ ਅਤੇ ਪੇਸ਼ਾਬ ਦੇ ਨਾਲ ਖ਼ੂਨ ਆਉਣਾ ਬੰਦ ਹੋ ਜਾਂਦਾ ਹੈ।
- ਅਨਿਯਮਤ ਮਾਹਵਾਰੀ ਅਤੇ ਲਕੋਰੀਆ – ਲਗਭਗ ਇੱਕ ਸੌ ਗ੍ਰਾਮ ਅੰਗੂਰ ਹਰ ਰੋਜ਼ ਖਾਂਦੇ ਰਹਿਣ ਨਾਲ ਮਾਂਹਵਾਰੀ ਨਿਯਮਤ ਹੋ ਜਾਂਦੀ ਹੈ। ਸਫ਼ੈਦ ਪਾਣੀ ਪੈਣਾ ਵੀ ਬੰਦ ਹੋ ਜਾਂਦਾ ਹੈ। ਇਕ ਸਿਹਤ ਵਧਰਕ ਵਧੀਆ ਟੌਨਿਕ ਹੈ।
- ਪੇਸ਼ਾਬ ਵਾਰ-ਵਾਰ ਆਉਣਾ – ਵਾਰ-ਵਾਰ ਪੇਸ਼ਾਬ ਆਉਣਾ ਮਸਾਣੇ ਦੇ ਲਈ ਹਾਨੀਕਾਰਕ ਹੁੰਦਾ ਹੈ। ਅੰਗੂਰਾਂ ਦੇ ਸੇਵਨ ਨਾਲ ਇਸ ਕਸ਼ਟ ਵਿਚ ਕਾਫ਼ੀ ਲਾਭ ਮਿਲਦਾ ਹੈ। ਅੰਗੂਰ ਦਾ ਰਸ ਗੁਰਦਿਆਂ ਦੇ ਕੰਮ ਕਰਨ ਦੀ ਸ਼ਕਤੀ ਨੂੰ ਵਧਾਉਂਦਾ ਹੈ। ਪੇਸ਼ਾਬ ਕਰਨ ਨਾਲ ਜਲਣ ਹੁੰਦੀ ਹੋਵੇ, ਪੇਸ਼ਾਬ ਖੁੱਲ੍ਹਕੇ ਨਾ ਆਉਂਦਾ ਹੋਵੇ ਤਾਂ ਪੰਜਾਹ ਗ੍ਰਾਮ ਮਨੁੱਕਾ ਰਾਤ ਨੂੰ ਪਾਣੀ ਵਿਚ ਭਿਉਂ ਦੇਵੋ, ਸੁਬਾਹ ਪੀਸਕੇ ਪੁਣਕੇ ਭੁੰਨੇ ਜੀਰੇ ਦੇ ਚੂਰਣ ਨਾਲ ਪਿਲਾਵੋ। ਇਸ ਨਾਲ ਇਹ ਤਕਲੀਫ ਠੀਕ ਹੋ ਜਾਵੇਗੀ।
- ਸਰੀਰ ਸੁਸਤ ਰਹਿੰਦਾ ਹੋਵੇ ਤਾਂ ਵੀਹ ਗ੍ਰਾਮ ਮੁਨੱਕਾ ਗਰਮ ਦੁੱਧ ਨਾਲ ਸੁਬਾਹ ਲਵੋ।
- ਜੇਕਰ ਨਕਸੀਰ ਛੁੱਟਦੀ ਹੋਵੇ ਤਾਂ ਮਿੱਠੇ ਅੰਗੂਰ ਦਾ ਰਸ ਨੱਕ ਅੰਦਰ ਖਿੱਚਣ ਨਾਲ ਨਕਸੀਰ ਬੰਦ ਹੋ ਜਾਂਦੀ ਹੈ। ਅੰਗੂਰ ਦੇ ਸੇਵਨ ਨਾਲ ਦੁੱਧ ਵਿਚ ਵਾਧਾ ਹੁੰਦਾ ਹੈ। ਜਿਹਨਾਂ ਔਰਤਾਂ ਨੂੰ ਦੁੱਧ ਘੱਟ ਆਉਂਦਾ ਹੋਵੇ ਉਹਨਾਂ ਨੂੰ ਅੰਗੂਰ ਜ਼ਰੂਰ ਖਾਣਾ ਚਾਹੀਦਾ ਹੈ।
- ਅੰਗੂਰ ਤਾਕਤ ਪ੍ਰਦਾਨ ਕਰਦਾ ਹੈ। ਜਿਸ ਵਿਚ ਫਰੂਕੋਟਜ ਅਤੇ ਗੁਲੂਕੋਜ ਹੁੰਦਾ ਹੈ। ਅੰਗੂਰ ਦਾ ਰਸ ਬਹੁਤ ਜਲਦੀ ਪਚ ਜਾਂਦਾ ਹੈ, ਛੇਤੀ ਸਰੀਰ ਨੂੰ ਗਰਮਾਇਸ ਅਤੇ ਸ਼ਕਤੀ ਦਿੰਦਾ ਹੈ। ਅੰਗੂਰ ਵਿਚ ਪੱਚੀ ਪ੍ਰਤੀਸ਼ਤ ਚੀਨੀ ਅਤੇ ਢੁੱਕਵੀ ਮਾਤਰਾ ਵਿਚ ਲੋਹਾ ਹੁੰਦਾ ਹੈ। ਜਿਸ ਕਰਕੇ ਇਹ ਲਹੂ ਵਿਚ ਹੇਮੋਗਲੋਬਿਨ ਨੂੰ ਵਧਾਉਂਦਾ ਹੈ। ਖ਼ੂੰਨ ਦੀ ਕਮੀ ਵਾਲਿਆਂ ਲਈ ਇਹ ਸਭ ਤੋਂ ਉੱਤਮ ਹੈ। ਅੰਗੂਰ ਕਿਟਾਣੂੰ-ਨਾਸ਼ਕ ਵੀ ਹੁੰਦਾ ਹੈ। ਅੰਗੂਰ ਸਰੀਰਕ ਕਮਜ਼ੋਰੀ ਨੂੰ ਖਤਮ ਕਰਦਾ ਹੈ। ਗਰਭ ਅਵਸਥਾ ਵਿਚ ਔਰਤ ਦੇ ਅੰਗੂਰ ਸੇਵਨ ਕਰਦੇ ਰਹਿਣ ਨਾਲ ਉਸਦੀ ਆਪਣੀ ਸਿਹਤ ਵੀ ਤੰਦਰੁਸਤ ਰਹੇਗੀ ਅਤੇ ਹੋਣ ਵਾਲਾ ਬੱਚਾ ਵੀ ਰਿਸ਼ਟ-ਪੁਸ਼ਟ ਹੋਵੇਗਾ। ਜਿਹਨਾਂ ਔਰਤਾਂ ਦੀ ਬੱਚੇਦਾਨੀ ਕਮਜ਼ੋਰ ਹੋਵੇ, ਅੰਗੂਰ ਦੇ ਸੇਵਨ ਨਾਲ ਬੱਚੇਦਾਨੀ ਦੀ ਨਿਰਬਲਤਾ ਦੂਰ ਹੋ ਜਾਂਦੀ ਹੈ।
- ਅਕਸਰ ਔਰਤਾਂ ਵਰਤ ਰੱਖਦੀਆਂ ਹਨ। ਵਰਤਾ ਸਮੇਂ ਅੰਗੂਰ ਖਾਂਦੇ ਰਹਿਣ ਨਾਲ ਸਰੀਰਕ ਕਮਜ਼ੋਰੀ ਨਹੀਂ ਹੁੰਦੀ।
- ਜੇਕਰ ਦੰਦਾਂ ਵਿਚ ਦਰਦ ਹੋਵੇ, ਦੰਦ ਹਿੱਲਦੇ ਹੋਣ ਤਾਂ ਅੰਗੂਰ ਚੂਸਣ ਨਾਲ ਲਾਭ ਹੁੰਦਾ ਹੈ। ਨਿਯਮਤ ਤੌਰ ’ਤੇ ਅੰਗੂਰ ਖਾਂਦੇ ਰਹਿਣ ਨਾਲ ਜ਼ਖ਼ਮ ਬਹੁਤ ਛੇਤੀ ਭਰਕੇ ਠੀਕ ਹੋ ਜਾਂਦੇ ਹਨ। ਜੇਕਰ ਤੇਜ਼ਾਬ ਬਣਦਾ ਹੋਵੇ ਅਤੇ ਉਸ ਨਾਲ ਛਾਤੀ ਵਿਚ ਜਲਣ ਹੁੰਦੀ ਹੋਵੇ, ਉਲਟੀ ਆਉਂਦੀ ਹੋਵੇ ਤਾਂ ਅੰਗੂਰ ਅਤੇ ਅਨਾਰ ਦਾ ਰਸ ਇੱਕੋ ਜਿਹਾ ਮਿਲਾਕੇ ਪੀਣ ਨਾਲ ਤਕਲੀਫ਼ ਖਤਮ ਹੋ ਜਾਂਦੀ ਹੈ।
- ਸਿਗਰਟ, ਚਾਹ ਕੌਫ਼ੀ, ਜ਼ਰਦਾ, ਸ਼ਰਾਬ ਆਦਿ ਦੀ ਆਦਤ ਤੋਂ ਅੰਗੂਰ ਖਾਂਦੇ ਰਹਿਣ ਨਾਲ ਛੁਟਕਾਰਾ ਪਾਇਆ ਜਾ ਸਕਦਾ ਹੈ।
- ਕਈ ਵਾਰੀ ਅੱਖਾਂ ਦੇ ਅੱਗੇ ਅੰਧੇਰਾ ਆਉਣ ਲੱਗ ਜਾਂਦਾ ਹੈ। ਕਾਲੇ ਅੰਗੂਰ ਅੱਖਾਂ ਲਈ ਲਾਭਕਾਰੀ ਹੁੰਦੇ ਹਨ। ਕਾਲੇ ਅੰਗੂਰਾਂ ਵਿਚ ਲਿਊਟਿਨ ਨਾਂ ਦਾ ਤੱਤ ਵੱਡੀ ਮਾਤਰਾ ਵਿਚ ਹੁੰਦਾ ਹੈ ਜਿਹੜਾ ਅੱਖਾਂ ਦੀ ਸਿਹਤ ਦੇ ਲਈ ਟੌਨਿਕ ਦਾ ਕੰਮ ਕਰਦਾ ਹੈ।

ਅੰਗੂਰ ਵਿਚ ਜੀ ਐਸਕ ਏਨਥਿਨ ਨਾਂ ਦਾ ਵੀ ਇੱਕ ਤੱਤ ਮਿਲਦਾ ਹੈ ਜਿਹੜਾ ਅੱਖਾਂ ਨੂੰ ਰੋਗਾਂ ਤੋਂ ਬਚਾਉਂਦਾ ਹੈ। ਅੱਖਾਂ ਦੇ ਰੇਟੀਨਾ ਦੇ ਪਿੱਛੇ ਪੀਲੇ ਰੰਗ ਦਾ ਇੱਕ ਤਰਲ ਪਦਾਰਥ ਨੂੰ ਵਧਾਉਂਦਾ ਹੈ। ਲਗਾਤਾਰ ਇੱਕ ਸੌ ਗ੍ਰਾਮ ਅੰਗੂਰ ਹਰ ਰੋਜ਼ ਖਾਂਦੇ ਰਹਿਣ ਨਾਲ ਅੱਖਾਂ ਦੀ ਨਿਗਾਹ ਵਧ ਜਾਵੇਗੀ।






- ਅੰਗੂਰ ਦਾ ਰਸ ਰੂੰ ਦੇ ਨਾਲ ਚਿਹਰੇ ’ਤੇ ਲਾ ਕੇ ਦਸ ਮਿੰਟਾਂ ਬਾਅਦ ਚਿਹਰਾ ਧੋਵੋ। ਵਾਲਾਂ ਦੇ ਛੇਦ ਸਾਫ਼ ਹੋ ਜਾਣਗੇ। ਜੇਕਰ ਚਮੜੀ ਰੁੱਖੀ ਅਤੇ ਖੁਸ਼ਕ ਹੋਵੇ ਤਾਂ ਦੋ ਭਾਗ ਅੰਗੂਰਾਂ ਦਾ ਰਸ, ਇੱਕ ਭਾਗ ਗੁਲਾਬਜਲ ਮਿਲਾਕੇ ਲਾਉਣ ਨਾਲ ਚਮੜੀ ਮੁਲਾਇਮ ਬਣ ਜਾਂਦੀ ਹੈ। ਲਗਾਤਾਰ ਅੰਗੂਰ ਦਾ ਰਸ ਚਿਹਰੇ ’ਤੇ ਲਾਉਣ ਨਾਲ ਅਤੇ ਅਗੂੰਰ ਖਾਂਦੇ ਰਹਿਣ ਨਾਲ ਚਿਹਰੇ ਦੀਆਂ ਝੁਰੜੀਆਂ ਅਤੇ ਕਿੱਲ ਮੁਹਾਸੇ ਠੀਕ ਹੋ ਜਾਂਦੇ ਹਨ।
- ਦਿਲ ਦਾ ਦਰਦ ਅਤੇ ਧੜਕਣ – ਅੰਗੂਰ ਦਿਲ ਦੇ ਲਈ ਲਾਭਦਾਇਕ ਹੈ। ਇਸ ਵਿਚ ਸੋਡੀਅਮ ਅਤੇ ਪੋਟਾਸੀਅਮ ਤੱਤ ਹੁੰਦੇ ਹਨ ਜਿਹੜੇ ਦਿਲ ਦੀ ਧੜਕਣ ਦੇ ਲਈ ਜ਼ਰੂਰੀ ਹੁੰਦੇ ਹਨ। ਜੇਕਰ ਦਿਲ ਵਿਚ ਦਰਦ ਹੁੰਦਾ ਹੋਵੇ ਜਾਂ ਦਿਲ ਦੀ ਧੜਕਣ ਤੇਜ਼ ਹੋਵੇ ਤਾਂ ਅੰਗੂਰਾਂ ਦਾ ਰਸ ਪੀਣ ਨਾਲ ਠੀਕ ਹੋ ਜਾਂਦੇ ਹਨ। ਕਿਸੇ ਕਿਸਮ ਦੀ ਸਰੀਰਕ ਕਮਜ਼ੋਰੀ ਨੂੰ ਦੂਰ ਕਰਨ ਦੇ ਲਈ ਅਤੇ ਚੰਗੀ ਸਿਹਤ ਦੇ ਵਾਸਤੇ ਹਰ ਰੋਜ਼ ਇੱਕ ਸੌ ਗ੍ਰਾਮ ਅੰਗੂਰ ਜਾਂ ਵੀਹ ਗ੍ਰਾਮ ਸੌਂਗੀ ਦੁੱਧ ਦੇ ਨਾਲ ਖਾਵੋ।
- ਮਨੁੱਖੀ ਸਰੀਰ ਦੀ ਬਣਤਰ ਵੀ ਬਹੁਤ ਅਚੰਭਾਜਨਕ ਹੈ। ਸਰੀਰ ਵਿਚ ਐਂਟੀ-ਆਕਸੀਡੈਂਟ ਅਤੇ ਪ੍ਰੋ-ਆਕਸੀਡੈਂਟ ਦੋਵੇਂ ਹੀ ਮੌਜੂਦ ਹੁੰਦੇ ਹਨ। ਜੇਕਰ ਪ੍ਰੋ-ਆਕਸੀਡੈਂਟਾਂ ਦੀ ਮਾਤਰਾ ਵਧ ਜਾਵੇ ਤਾਂ ਸਰੀਰ ਨੂੰ ਕੈਂਸਰ ਅਤੇ ਹੋਰ ਮਾਰੂ ਬਿਮਾਰੀਆਂ ਲੱਗਣ ਦੀ ਸੰਭਾਵਨਾ ਵੱਧ ਜਾਂਦੀ ਹੈ। ਐਂਟੀ ਆਕਸੀਡੈਂਟ ਦੀ ਮਾਤਰਾ ਹਾਨੀਕਾਰਕ ਨਹੀਂ ਹੁੰਦੀ। ਕਾਲੇ ਤੇ ਲਾਲ ਅੰਗੂਰਾਂ ਵਿਚ ਐਂਟੀ-ਆਕਸੀਡੈਂਟ ਦੀ ਮਾਤਰਾ ਬਹੁਤ ਜ਼ਿਆਦਾ ਹੁੰਦੀ ਹੈ। ਇਸ ਕਰਕੇ ਗੂੜ੍ਹੇ ਕਾਲੇ ਅੰਗੂਰ ਖਾਣ ਨਾਲ ਕੈਂਸਰ ਅਤੇ ਦਿਲ ਦੇ ਰੋਗ ਘੱਟ ਹੋ ਜਾਂਦੇ ਹਨ।

ਹਰੇ ਰੰਗ ਦੇ ਅੰਗੂਰਾਂ ਵਿਚ ਐਂਟੀ-ਆਕਸੀਡੈਂਟਾਂ ਦੀ ਮਾਤਰਾ ਕਾਲੇ ਅੰਗੂਰਾਂ ਦੇ ਮੁਕਾਬਲੇ ਘੱਟ ਹੁੰਦੀ ਹੈ। ਇਸ ਕਰਕੇ ਕੈਂਸਰ ਅਤੇ ਦਿਲ ਦੇ ਰੋਗਾਂ ਤੋਂ ਬਚਣ ਲਈ ਕਾਲੇ ਅੰਗੂਰਾਂ ਦਾ ਸੇਵਨ ਨਹੀਂ ਕਰਨਾ ਚਾਹੀਦਾ। ਦਿਲ ਦੇ ਰੋਗਾਂ ਵਿਚ ਅੰਗੂਰ ਇਸ ਕਰਕੇ ਗੁਣਕਾਰੀ ਹੁੰਦੇ ਹਨ ਕਿਉਂਕਿ ਇਹ ਲਹੂ ਨੂੰ ਪਤਲਾ ਕਰੀ ਰੱਖਦੇ ਹਨ, ਜੰਮਣ ਨਹੀਂ ਦਿੰਦੇ। ਖ਼ੂਨ ਦਾ ਸੰਚਾਰ ਸੁਚਾਰੂ ਬਣਿਆ ਰਹਿੰਦਾ ਹੈ। ਘੱਟ ਰਕਤਚਾਪ ਵਾਲਿਆਂ ਲਈ ਅੰਗੂਰਾਂ ਦਾ ਰਸ ਫਾਇੰਦੇਮੰਦ ਹੁੰਦਾ ਹੈ।

- ਸੁੱਕੇ ਅੰਗੂਰਾਂ ਨੂੰ ਮੁਨੱਕਾ ਅਤੇ ਦਾਖਾਂ ਆਖਦੇ ਹਨ। ਅੰਗੂਰਾਂ ਦੀ ਥਾਂ ’ਤੇ ਇਹਨਾਂ ਦੀ ਵਰਤੋਂ ਵੀ ਕੀਤੀ ਜਾ ਸਕਦੀ ਹੈ। ਅਗੂਰਾਂ ਦਾ ਬਨਸਪਤੀ ਵਿਗਿਆਨਕ ਨਾਮ ਵਾਈਟਿਸ ਵਿਨੀਫੇਰਾ (Vitis Vinifera) ਹੈ।

# ਪਹਿਲਗਾਮ ਹਮਲਾ : ਪਾਕਿ ਵੱਲੋਂ ਰਾਜਗੀਰ ਵਿੱਚ ਏਸ਼ੀਆ ਕੱਪ ਹਾਕੀ ਖੇਡਣ ਦੀ ਸੰਭਾਵਨਾ ਘੱਟ

ਨਵੀਂ ਦਿੱਲੀ- ਹਾਕੀ ਇੰਡੀਆ ਸਰਕਾਰੀ ਸਲਾਹ ਦੀ ਉਡੀਕ ਕਰ ਰਿਹਾ ਹੈ ਪਰ ਪਹਿਲਗਾਮ ਅੱਤਵਾਦੀ ਹਮਲੇ ਤੋਂ ਬਾਅਦ ਭਾਰਤ ਅਤੇ ਪਾਕਿਸਤਾਨ ਵਿਚਕਾਰ ਚੱਲ ਰਹੇ ਤਣਾਅ ਦੇ ਵਿਚਕਾਰ ਇਸ ਸਾਲ ਦੇ ਹੀਰੋ ਏਸ਼ੀਆ ਕੱਪ ਹਾਕੀ ਵਿੱਚ ਪਾਕਿਸਤਾਨ ਦੀ ਭਾਗੀਦਾਰੀ ਅਸੰਭਵ ਜਾਪਦੀ ਹੈ। ਏਸ਼ੀਆ ਕੱਪ 27 ਅਗਸਤ ਤੋਂ 7 ਸਤੰਬਰ ਵਿਚਕਾਰ ਬਿਹਾਰ ਦੇ ਰਾਜਗੀਰ ਵਿੱਚ ਖੇਡਿਆ ਜਾਵੇਗਾ। ਮੇਜ਼ਬਾਨ ਭਾਰਤ, ਪਾਕਿਸਤਾਨ, ਜਾਪਾਨ, ਕੋਰੀਆ, ਚੀਨ, ਮਲੇਸ਼ੀਆ, ਓਮਾਨ ਅਤੇ ਚੀਨੀ ਤਾਈਪੇ ਇਸ ਵਿੱਚ ਹਿੱਸਾ ਲੈਣਗੇ। ਇਹ ਅਗਲੇ ਸਾਲ ਨੀਦਰਲੈਂਡਜ਼ ਅਤੇ ਬੈਲਜੀਅਮ ਵਿੱਚ ਹੋਣ ਵਾਲੇ ਵਿਸ਼ਵ ਕੱਪ ਲਈ ਇੱਕ ਕੁਆਲੀਫਾਈਂਗ ਟੂਰਨਾਮੈਂਟ ਵੀ ਹੈ।



ਹਾਕੀ ਇੰਡੀਆ ਦੇ ਜਨਰਲ ਸਕੱਤਰ ਭੋਲਾ ਨਾਥ ਸਿੰਘ ਨੇ ਪੀਟੀਆਈ ਨੂੰ ਦੱਸਿਆ, "ਹੁਣ ਕੁਝ ਵੀ ਕਹਿਣਾ ਜਲਦੀ ਹੋਵੇਗਾ ਪਰ ਅਸੀਂ ਸਰਕਾਰੀ ਦਿਸ਼ਾ-ਨਿਰਦੇਸ਼ਾਂ ਦੀ ਪਾਲਣਾ ਕਰਾਂਗੇ ਜਿਵੇਂ ਕਿ ਪਹਿਲਾਂ ਕੀਤਾ ਗਿਆ ਹੈ।" ਫਿਲਹਾਲ ਕੁਝ ਨਹੀਂ ਕਿਹਾ ਜਾ ਸਕਦਾ। ਪਹਿਲਗਾਮ ਵਿੱਚ ਹੋਏ ਭਿਆਨਕ ਅੱਤਵਾਦੀ ਹਮਲੇ ਅਤੇ ਆਪ੍ਰੇਸ਼ਨ ਸਿੰਦੂਰ ਤੋਂ ਬਾਅਦ ਇਸ ਸਮੇਂ ਕੁਝ ਵੀ ਕਹਿਣਾ ਮੁਸ਼ਕਲ ਹੈ। ਟੂਰਨਾਮੈਂਟ ਲਈ ਅਜੇ ਤਿੰਨ ਮਹੀਨੇ ਬਾਕੀ ਹਨ ਪਰ ਅਸੀਂ ਸਰਕਾਰ ਦੀ ਸਲਾਹ ਦੀ ਪਾਲਣਾ ਕਰਾਂਗੇ, ਇਸ ਵਿੱਚ ਕੋਈ ਸ਼ੱਕ ਨਹੀਂ ਹੈ।

22 ਅਪ੍ਰੈਲ ਨੂੰ ਪਹਿਲਗਾਮ ਵਿੱਚ ਹੋਏ ਅੱਤਵਾਦੀ ਹਮਲੇ ਵਿੱਚ 26 ਭਾਰਤੀ ਮਾਰੇ ਗਏ ਸਨ, ਜਿਨ੍ਹਾਂ ਵਿੱਚੋਂ ਜ਼ਿਆਦਾਤਰ ਸੈਲਾਨੀ ਸਨ। ਇਸ ਤੋਂ ਬਾਅਦ, ਭਾਰਤ ਸਰਕਾਰ ਨੇ ਸਾਰੇ ਪਾਕਿਸਤਾਨੀਆਂ ਨੂੰ ਦੇਸ਼ ਛੱਡਣ ਦਾ ਹੁਕਮ ਦੇ ਦਿੱਤਾ। ਇਸ ਤੋਂ ਬਾਅਦ, ਭਾਰਤ ਨੇ ਆਪ੍ਰੇਸ਼ਨ ਸਿੰਦੂਰ ਰਾਹੀਂ ਪਾਕਿਸਤਾਨ ਅਤੇ ਪਾਕਿਸਤਾਨ ਦੇ ਕਬਜ਼ੇ ਵਾਲੇ ਜੰਮੂ-ਕਸ਼ਮੀਰ ਵਿੱਚ ਅੱਤਵਾਦੀ ਠਿਕਾਣਿਆਂ 'ਤੇ ਮਿਜ਼ਾਈਲ ਹਮਲੇ ਕੀਤੇ। ਪਾਕਿਸਤਾਨ ਨੇ ਡਰੋਨ ਅਤੇ ਮਿਜ਼ਾਈਲ ਹਮਲਿਆਂ ਨਾਲ ਜਵਾਬ ਦਿੱਤਾ, ਜਿਨ੍ਹਾਂ ਨੂੰ ਭਾਰਤ ਦੇ ਸ਼ਾਨਦਾਰ ਹਵਾਈ ਰੱਖਿਆ ਪ੍ਰਣਾਲੀ ਨੇ ਨਾਕਾਮ ਕਰ ਦਿੱਤਾ। ਭਾਰਤ ਨੇ ਪਾਕਿਸਤਾਨ ਦੇ ਕਈ ਵੱਡੇ ਸ਼ਹਿਰਾਂ ਵਿੱਚ ਫੌਜੀ ਠਿਕਾਣਿਆਂ ਅਤੇ ਹਵਾਈ ਰੱਖਿਆ ਪ੍ਰਣਾਲੀਆਂ ਨੂੰ ਤਬਾਹ ਕਰ ਦਿੱਤਾ। ਪਾਕਿਸਤਾਨ ਦੇ ਡਾਇਰੈਕਟਰ ਜਨਰਲ ਆਫ਼ ਮਿਲਟਰੀ ਆਪ੍ਰੇਸ਼ਨਜ਼ ਵੱਲੋਂ ਭਾਰਤ ਦੇ ਡੀਜੀਐਮਓ ਨਾਲ ਸੰਪਰਕ ਕਰਨ ਤੋਂ ਬਾਅਦ ਦੋਵੇਂ ਦੇਸ਼ 10 ਮਈ ਨੂੰ ਜੰਗਬੰਦੀ ਲਈ ਸਹਿਮਤ ਹੋਏ।

ਫੈਡਰੇਸ਼ਨ ਦੇ ਇੱਕ ਸੂਤਰ ਨੇ ਕਿਹਾ, "ਜੇਕਰ ਸਰਕਾਰ ਇਜਾਜ਼ਤ ਨਹੀਂ ਦਿੰਦੀ, ਤਾਂ ਪਾਕਿਸਤਾਨੀ ਟੀਮ ਇੱਥੇ ਨਹੀਂ ਆਵੇਗੀ। ਇਹ ਸਭ ਉਸ ਸਮੇਂ ਸਰਕਾਰ ਦੇ ਰੁਖ਼ 'ਤੇ ਨਿਰਭਰ ਕਰਦਾ ਹੈ। ਜੇਕਰ ਪਾਕਿਸਤਾਨ ਨੂੰ ਭਾਰਤ ਆਉਣ ਦੀ ਇਜਾਜ਼ਤ ਨਹੀਂ ਦਿੱਤੀ ਜਾਂਦੀ ਤਾਂ ਟੂਰਨਾਮੈਂਟ ਸੱਤ ਟੀਮਾਂ ਨਾਲ ਕਰਵਾਇਆ ਜਾਵੇਗਾ ਜਾਂ ਇੱਕ ਨਵੀਂ ਟੀਮ ਨੂੰ ਸੱਦਾ ਦਿੱਤਾ ਜਾਵੇਗਾ। ਇਹ ਫੈਸਲਾ ਏਸ਼ੀਅਨ ਹਾਕੀ ਫੈਡਰੇਸ਼ਨ ਵੱਲੋਂ ਲਿਆ ਜਾਵੇਗਾ।" ਇੱਕ ਅਧਿਕਾਰੀ ਨੇ ਕਿਹਾ, "ਫਿਲਹਾਲ ਇਹ ਕਹਿਣਾ ਮੁਸ਼ਕਲ ਹੈ ਕਿ ਕਿਹੜੀ ਨਵੀਂ ਟੀਮ ਉੱਥੇ ਹੋਵੇਗੀ ਜਾਂ ਕੀ ਇਹ ਸਿਰਫ਼ ਸੱਤ ਟੀਮਾਂ ਨਾਲ ਹੀ ਹੋਵੇਗੀ।" ਏਸ਼ੀਅਨ ਹਾਕੀ ਫੈਡਰੇਸ਼ਨ ਇਸ ਬਾਰੇ ਫੈਸਲਾ ਲਵੇਗੀ।''

ਪਾਕਿਸਤਾਨ ਹਾਕੀ ਟੀਮ ਆਖਰੀ ਵਾਰ ਲਖਨਊ ਵਿੱਚ 2016 ਦੇ ਜੂਨੀਅਰ ਵਿਸ਼ਵ ਕੱਪ ਵਿੱਚ ਨਹੀਂ ਖੇਡੀ ਸੀ, ਜੋ ਪਠਾਨਕੋਟ ਅੱਤਵਾਦੀ ਹਮਲੇ ਤੋਂ ਕੁਝ ਮਹੀਨੇ ਬਾਅਦ ਹੀ ਆਯੋਜਿਤ ਕੀਤਾ ਗਿਆ ਸੀ। ਉਸਦੀ ਜਗ੍ਹਾ ਮਲੇਸ਼ੀਆ ਨੂੰ ਸ਼ਾਮਲ ਕੀਤਾ ਗਿਆ। ਮੌਜੂਦਾ ਹਾਲਾਤ ਵਿੱਚ, ਪਾਕਿਸਤਾਨ ਲਈ 28 ਨਵੰਬਰ ਤੋਂ 10 ਦਸੰਬਰ ਤੱਕ ਚੇਨਈ ਅਤੇ ਮਦੁਰਾਈ ਵਿੱਚ ਹੋਣ ਵਾਲੇ ਜੂਨੀਅਰ ਵਿਸ਼ਵ ਕੱਪ ਵਿੱਚ ਖੇਡਣਾ ਮੁਸ਼ਕਲ ਹੈ। ਏਸ਼ੀਆ ਕੱਪ ਅਗਲੇ ਸਾਲ 14 ਤੋਂ 30 ਅਗਸਤ ਤੱਕ ਨੀਦਰਲੈਂਡ ਅਤੇ ਬੈਲਜੀਅਮ ਵਿੱਚ ਹੋਣ ਵਾਲੇ ਵਿਸ਼ਵ ਕੱਪ ਲਈ ਇੱਕ ਕੁਆਲੀਫਾਇਰ ਟੂਰਨਾਮੈਂਟ ਵੀ ਹੈ।

# 'ਗੋਲਡਨ ਬੁਆਏ' ਨੀਰਜ ਚੋਪੜਾ ਨੂੰ ਭਾਰਤੀ ਫੌਜ ਵੱਲੋਂ ਮਿਲਿਆ ਵੱਡਾ ਸਨਮਾਨ

ਨੈਸ਼ਨਲ ਡੈਸਕ- ਭਾਰਤ ਦੇ ਓਲੰਪਿਕ ਗੋਲਡ ਮੈਡਲਿਸਟ ਨੀਰਜ ਚੋਪੜਾ ਨੂੰ ਭਾਰਤੀ ਫੌਜ 'ਚ ਇਕ ਵੱਡੀ ਜ਼ਿੰਮੇਵਾਰੀ ਮਿਲੀ ਹੈ। ਉਨ੍ਹਾਂ ਨੂੰ ਟੈਰੀਟੋਰੀਅਲ ਆਰਮੀ 'ਚ ਲੈਫਟੀਨੈਂਟ ਕਰਨਲ ਦੇ ਅਹੁਦੇ ਨਾਲ ਸਨਮਾਨਿਤ ਕੀਤਾ ਗਿਆ ਹੈ। ਇਹ ਇਕ ਇਤਿਹਾਸਿਕ ਪ੍ਰਾਪਤੀ ਹੈ ਕਿਉਂਕਿ ਨੀਰਜ ਚੋਪੜਾ, ਜਿਨ੍ਹਾਂ ਨੇ ਟੋਕੀਓ ਓਲੰਪਿਕ 2021 'ਚ ਜੈਵਲਿਨ ਥ੍ਰੋਅ 'ਚ ਗੋਲਡ ਮੈਡਲ ਜਿੱਤ ਕੇ ਭਾਰਤ ਦਾ ਨਾਂ ਰੋਸ਼ਨ ਕੀਤਾ, ਹੁਣ ਭਾਰਤੀ ਫੌਜ ਦਾ ਹਿੱਸਾ ਬਣ ਗਏ ਹਨ।




**ਨੀਰਜ ਚੋਪੜਾ ਬਣੇ ਲੈਫਟੀਨੈਂਟ ਕਰਨਲ**

ਨੀਰਜ ਚੋਪੜਾ ਨੂੰ ਭਾਰਤ ਦੀ ਟੈਰੀਟੋਰੀਅਲ ਆਰਮੀ ਦੇ ਰੈਗੂਲੇਸ਼ਨ 1948 ਤਹਿਤ ਲੈਫਟੀਨੈਂਟ ਕਰਨਲ ਦਾ ਅਹੁਦਾ ਦਿੱਤਾ ਗਿਆ ਹੈ। ਇਹ ਅਹੁਦਾ ਉਨ੍ਹਾਂ ਨੂੰ ਭਾਰਤ ਦੀ ਰਾਸ਼ਟਰਪਤੀ ਦ੍ਰੋਪਦੀ ਮੁਰਮੂ ਵੱਲੋਂ ਦਿੱਤਾ ਗਿਆ ਹੈ। ਇਸ ਤੋਂ ਪਹਿਲਾਂ ਨੀਰਜ ਚੋਪੜਾ ਭਾਰਤੀ ਫੌਜ ਦੇ ਰਾਜਪੂਤਾਨਾ ਰਾਈਫਲਸ 'ਚ ਸੂਬੇਦਾਰ ਦੇ ਅਹੁਦੇ 'ਤੇ ਸਨ। ਨੀਰਜ 2016 'ਚ ਭਾਰਤੀ ਫੌਜ 'ਚ ਨਾਇਬ ਸੂਬੇਦਾਰ ਦੇ ਤੌਰ 'ਤੇ ਸ਼ਾਮਲ ਹੋਏ ਸਨ ਅਤੇ ਹੁਣ ਉਨ੍ਹਾਂ ਦੀ ਪ੍ਰਮੋਸ਼ਨ ਹੋਈ ਹੈ।

**ਨੀਰਜ ਚੋਪੜਾ ਦਾ ਓਲੰਪਿਕ ਸਫਰ**

ਨੀਰਜ ਚੋਪੜਾ ਨੇ ਆਪਣੀ ਮਿਹਨਤ ਅਤੇ ਸਮਰਪਣ ਨਾਲ ਟੋਕੀਓ ਓਲੰਪਿਕ 2021 'ਚ ਇਤਿਹਾਸ ਰਚ ਦਿੱਤਾ ਸੀ। ਉਨ੍ਹਾਂ ਨੇ ਜੈਵਲਿਨ ਥ੍ਰੋਅ ਮੁਕਾਬਲੇਬਾਜ਼ੀ 'ਚ ਭਾਰਤ ਲਈ ਪਹਿਲਾ ਨਿੱਜੀ ਗੋਲਡ ਮੈਡਲ ਜਿੱਤਿਆ ਸੀ। ਨੀਰਜ ਨੇ ਆਪਣੀ ਦੂਜੀ ਕੋਸ਼ਿਸ਼ 'ਚ 87.58 ਮੀਟਰ ਦੀ ਦੂਰੀ ਤੈਅ ਕਰਕੇ ਗੋਲਡ ਮੈਡਲ ਆਪਣੇ ਨਾਂ ਕੀਤਾ। ਉਨ੍ਹਾਂ ਦਾ ਇਹ ਗੋਲਡ ਮੈਡਲ ਭਾਰਤ ਲਈ ਇਕ ਗਰਵ ਦਾ ਪਲ ਸੀ ਕਿਉਂਕਿ ਉਹ ਦੇਸ਼ ਦੇ ਪਹਿਲੇ ਟ੍ਰੈਕ ਅਤੇ ਫੀਲਡ ਐਥਲੀਟ ਬਣੇ, ਜਿਨ੍ਹਾਂ ਨੇ ਨਿੱਜੀ ਗੋਲਡ ਜਿੱਤਿਆ ਸੀ।

**ਪੈਰਿਸ ਓਲੰਪਿਕ 2024 'ਚ ਸਿਲਵਰ ਮੈਡਲ**

ਨੀਰਜ ਚੋਪੜਾ ਨੇ ਟੋਕੀਓ ਓਲੰਪਿਕ 'ਚ ਗੋਲਡ ਮੈਡਲ ਜਿੱਤਣ ਮਗਰੋਂ ਪੈਰਿਸ ਓਲੰਪਿਕ 2024 'ਚ ਵੀ ਆਪਣਾ ਜਲਵਾ ਦਿਖਾਇਆ। ਉਨ੍ਹਾਂ ਨੇ ਪੈਰਿਸ ਓਲੰਪਿਕ 'ਚ ਸਿਲਵਰ ਮੈਡਲ ਜਿੱਤਿਆ ਅਤੇ ਆਪਣੀ ਸਫਲਤਾ ਦਾ ਨਵਾਂ ਇਤਿਹਾਸ ਰਚਿਆ। ਇਹ ਲਗਾਤਾਰ ਦੋ ਓਲੰਪਿਕ 'ਚ ਮੈਡਲ ਜਿੱਤਣ ਦਾ ਵਿਲੱਖਣ ਰਿਕਾਰਡ ਹੈ।

**ਟੈਰੀਟੋਰੀਅਲ ਆਰਮੀ 'ਚ ਨੀਰਜ ਚੋਪੜਾ ਦਾ ਯੋਗਦਾਨ**

ਨੀਰਜ ਚੋਪੜਾ ਦੇ ਨਾਲ ਹੀ ਭਾਰਤੀ ਫੌਜ 'ਚ ਇਹ ਸਨਮਾਨ ਪਹਿਲਾਂ ਤੋਂ ਹੀ ਖੇਡ ਜਗਤ ਦੇ ਕਈ ਹੋਰ ਸਿਤਾਰਿਆਂ ਨੂੰ ਪ੍ਰਾਪਤ ਹੋ ਚੁੱਕਾ ਹੈ। ਭਾਰਤੀ ਕ੍ਰਿਕਟ ਟੀਮ ਦੇ ਸਾਬਕਾ ਕਪਤਾਨ ਮਹਿੰਦਰ ਸਿੰਘ ਧੋਨੀ ਵੀ ਟੈਰੀਟੋਰੀਅਲ ਆਰਮੀ 'ਚ ਹਨ।

ਨੀਰਜ ਚੋਪੜਾ ਦਾ ਭਾਰਤੀ ਫੌਜ ਦਾ ਹਿੱਸਾ ਬਣਨਾ ਨਾ ਸਿਰਫ ਉਨ੍ਹਾਂ ਲਈ ਗਰਵ ਦੀ ਗੱਲ ਹੈ ਸਗੋਂ ਇਹ ਦੇਸ਼ ਦੇ ਨੌਜਵਾਨ ਖਿਡਾਰੀਆਂ ਨੂੰ ਵੀ ਪ੍ਰੇਰਿਤ ਕਰੇਗਾ ਕਿ ਉਹ ਆਪਣੀ ਖੇਡ ਸਮਰਥਾ ਦੇ ਨਾਲ-ਨਾਲ ਦੇਸ਼ ਦੀ ਸੇਵਾ ਲਈ ਵੀ ਆਪਣੇ ਕਰਤਵਾਂ ਨੂੰ ਨਿਭਾਉਣ।

# WHITE ROSE BUILDERS

*We do not build houses, We create homes...*

## Proudly Celebrating

# 20 Years in Business



# DREAMLINE HOMES

**Turning dreams into reality**

- Free Design*
- New Homes
- Design & Build
- Sub Division
- Additions
- Alterations
- Renovations
- Residential
- Commercial

**- Fixed Price Contract - On Time Completion - No Hidden Costs**

LICENSED BUILDING PRACTITIONER • BUILDING CONFIDENCE • www.dbh.govt.nz

New Zealand Certified Builders Association NZCB 20 Years of Turning Dreams Into Reality

Halo 10 YEAR RESIDENTIAL GUARANTEE INSURANCE

138P, Plunket Ave, P O Box 76-879 Manukau-2241, New Zealand

+64 9 271 3162 +64 274 483 758 info@dreamline.co.nz www.dreamline.co.nz

100% NZ OWNED & OPERATED